**ਐਮ.ਏ. (ਪੰਜਾਬੀ)ਭਾਗ-ਪਹਿਲਾ** **ਪਰਚਾ ਦੂਜਾ**

**ਸਮੈਸਟਰ ਪਹਿਲਾ** **ਸਾਹਿਤ ਆਲੋਚਨਾ ਦੇ ਸਿਧਾਂਤ**

**ਯੂਨਿਟ ਨੰਬਰ : 2**

**ਪਾਠ ਨੰਬਰ :**


2.1 : ਪੰਜਾਬੀ ਆਲੋਚਨਾ ਦਾ ਆਰੰਭ ਅਤੇ ਵਿਕਾਸ

2.1 (ੲ) : ਡਾ. ਮੋਹਨ ਸਿੰਘ ਦੀਵਾਨਾ

2.2 : ਮੈਟਾ ਆਲੋਚਨਾ ਅਤੇ ਪੰਜਾਬੀ ਮੈਟਾ ਆਲੋਚਨਾ


**ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ www.dccpbi.com ਤੋਂ ਡਾਊਨਲੋਡ ਕਰਨ।**

ਡਿਸਟੈਂਸ ਐਜੂਕੇਸ਼ਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

**ਪਾਠ ਨੰਬਰ : 2.1**

## ਪੰਜਾਬੀ ਆਲੋਚਨਾ ਦਾ ਆਰੰਭ ਅਤੇ ਵਿਕਾਸ

**ਪਿਆਰੇ ਵਿਦਿਆਰਥੀ ਤੁਹਾਨੂੰ ਪੰਜਾਬੀ ਆਲੋਚਨਾ ਦੇ ਇਤਿਹਾਸ ਦੀ ਜਾਣਕਾਰੀ ਤੋਂ ਪਹਿਲਾਂ ਆਲੋਚਨਾ ਦੇ ਬਾਰੇ ਪਤਾ ਹੋਣਾ ਜ਼ਰੂਰੀ ਹੈ ਇਸ ਲਈ ਆਲੋਚਨਾ ਦੀ ਪਰਿਭਾਸ਼ਾ ਵੱਲ ਚੰਗੀ ਤਰ੍ਹਾਂ ਧਿਆਨ ਦਿੱਤਾ ਜਾਵੇ।**

### ਆਲੋਚਨਾ ਕੀ ਹੈ

ਪੱਛਮੀ ਵਿਦਵਾਨਾਂ ਨੇ ਆਲੋਚਨਾ ਦੀਆਂ ਭਿੰਨ-ਭਿੰਨ ਪਰਿਭਾਸ਼ਾਵਾਂ ਦਿੱਤੀਆਂ ਹਨ। ਕੁਝ ਪ੍ਰਮੁੱਖ ਪਰਿਭਾਸ਼ਾਵਾਂ ਦੇ ਆਧਾਰ ਤੇ ਇਸ ਦੇ ਸਰੂਪ ਨੂੰ ਪਛਾਣਿਆ ਜਾ ਸਕਦਾ ਹੈ। ਮੈਥਿਊ ਅਰਨਾਲਡ (Mathew Arnold) ਨੇ ਆਲੋਚਨਾ ਵਿਚ ਨਿਰਪੱਖਤਾ ਅਤੇ ਮਨ ਦੀ ਸੁਤੰਤਰਤਾ ਉਪਰ ਬਲ ਦਿੱਤਾ ਹੈ। ਉਸ ਦੇ ਸ਼ਬਦਾਂ ਵਿਚ :

— But the criticism, real criticism essentially the exercise of this quality (curiosity and disinterested love of a free play of mind).

ਆਈ. ਏ. ਰਿਚਰਡ. (I.A. Richards) ਨੇ ਮੁੱਲ ਨਿਰਧਾਰਣ ਉੱਪਰ ਬਲ ਦਿੱਤਾ ਹੈ।

— To set up a critic is to set up as a judge of values.

ਐਨਸਾਈਕਲੋਪੀਡੀਆ ਬ੍ਰਿਟੈਨਿਕਾ (Encyclopaedia Britanica) ਦੀ ਪਰਿਭਾਸ਼ਾ ਅਨੁਸਾਰ, ਆਲੋਚਨਾ ਦਾ ਕਾਰਜ ਹੈ, ਕਿਰਤ ਦਾ ਮੁਲਾਂਕਣ ਅਤੇ ਸੁਹਜ-ਵਿਸ਼ਲੇਸ਼ਣ।

— Criticism is the art of judging the qualities and values of an aesthetic object whether in literature of the fine arts. It involves the formation and expression of judgement.

ਇਨ੍ਹਾਂ ਪਰਿਭਾਸ਼ਾਵਾਂ ਦੇ ਆਧਾਰ ਤੇ ਕਹਿ ਸਕਦੇ ਹਾਂ ਕਿ ਆਲੋਚਨਾ ਦਾ ਕਾਰਜ ਰਚਨਾ ਦੀ ਪਰਖ ਅਤੇ ਗੁਣ-ਦੋਸ਼ਾਂ ਦਾ ਵਿਸ਼ਲੇਸ਼ਣ ਕਰਨਾ ਹੈ। ਪਰ ਕਈ ਵਿਦਵਾਨਾਂ ਨੇ ਦੋਸ਼ਾਂ ਨਾਲੋਂ ਗੁਣਾਂ ਅਤੇ ਕਲਾ ਕਿਰਤ ਦੀ ਸੁੰਦਰਤਾ ਦਾ ਵਿਸ਼ਲੇਸ਼ਣ ਕਰਨ ਉਪਰ ਬਲ ਦਿੱਤਾ ਹੈ।

ਡਾ. ਜਾਨਸਨ (Johnson) ਦਾ ਮੱਤ ਹੈ ਕਿ ਆਲੋਚਨਾ ਦਾ ਕਰਤੱਵ ਨਾ ਕਿਸੇ ਰਚਨਾ ਦਾ ਮੁਲਾਂਕਣ ਕਰਨਾ ਹੈ ਅਤੇ ਨਾ ਹੀ ਆਂਸ਼ਿਕ ਵਿਵੇਚਨ; ਉਸ ਦਾ ਕਾਰਜ ਤਾਂ ਵਿਵੇਕ ਦੁਆਰਾ ਜੋ ਪਤਾ ਲੱਗਦਾ ਹੋਵੇ ਉਹ ਦੱਸਣਾ ਹੈ ਅਤੇ ਸਤਿ ਦਾ ਨਿਰਦੇਸ਼ ਕਰਨਾ ਹੈ। ਵਿਭਿੰਨ ਕਲਾਕਾਰਾਂ ਨੂੰ ਉੱਚ, ਮੱਧ ਜਾਂ ਨਿਮਨ ਸ਼੍ਰੇਣੀਆਂ ਵਿਚ ਰੱਖਣਾ ਵੀ ਆਲੋਚਕ ਦਾ ਕਾਰਜ ਨਹੀਂ ਕਿਉਂਕਿ ਇਕ ਲੇਖਕ ਕਿਸੇ ਇਕ ਖੇਤਰ ਵਿਚ ਸ੍ਰੇਸ਼ਠ ਹੁੰਦਾ ਹੈ ਤਾਂ ਦੂਜਾ ਕਿਸੇ ਹੋਰ ਖੇਤਰ ਵਿਚ।

ਸਾਹਿਤ-ਆਲੋਚਨਾ ਇਕ ਅਜਿਹਾ ਕਾਰਜ ਹੈ, ਜਿਸਦੀ ਸਹਾਇਤਾ ਨਾਲ ਸਾਹਿਤ ਦੀਆਂ ਰੁਚੀਆਂ, ਪ੍ਰਵਿਰਤੀਆਂ, ਇਸ ਵਿਚਲੇ ਪ੍ਰਭਾਵਾ, ਸੰਸਕਾਰਾਂ ਤੇ ਪ੍ਰਸੰਗਾਂ ਤੋਂ ਪਾਠਕ ਵਰਗ ਨੂੰ ਜਾਣੂ ਕਰਵਾਇਆ ਜਾ ਸਕਦਾ ਹੈ। ਸਾਹਿਤ ਦੀ ਅਸਲ ਕੀਮਤ ਪਾਉਣ ਤੇ ਇਸ ਦਾ ਹੀ ਮੁਲਾਂਕਣ ਕਰਨ ਲਈ ਆਲੋਚਨਾ ਦਾ ਸਹਾਰਾ ਆਵੱਸ਼ਕ ਹੁੰਦਾ ਹੈ। ਹੀਰੇ ਦੀ ਪਰਖ ਇਕ ਚੰਗਾ ਜੌਹਰੀ ਹੀ ਕਰ ਸਕਦਾ ਹੈ ਅਤੇ ਇਸ ਦਾ ਜੋ ਵੀ ਮੁੱਲ ਉਹ ਨਿਰਧਾਰਤ ਕਰ ਦੇਵੇ ਖਰੀਦਦਾਰਾਂ ਨੂੰ ਉਹੀ ਮੁੱਲ ਪ੍ਰਵਾਨ ਕਰਨਾ ਪੈਂਦਾ ਹੈ। ਠੀਕ

ਇਸੇ ਤਰ੍ਹਾਂ ਸਾਹਿਤ ਦਾ ਪਾਰਖੂ ਇਕ ਆਲੋਚਕ ਹੁੰਦਾ ਹੈ ਅਤੇ ਉਸ ਦੀ ਸਹੀ ਤੇ ਨਿਰਪੱਖ ਰਾਇ ਹੀ ਪਾਠਕਾਂ ਦੀ ਸਮਝ ਦਾ ਆਧਾਰ ਬਣਦੀ ਹੈ। ਇਹ ਠੀਕ ਹੈ ਕਿ ਕੁਝ ਆਲੋਚਕ ਆਪੋ-ਆਪਣੀ ਬੁੱਧੀ ਅਨੁਸਾਰ ਕਿਸੇ ਵਿਸ਼ੇ ਬਾਰੇ ਵੱਖ-ਵੱਖ ਰਾਵਾਂ ਦੇ ਸਕਦੇ ਹਨ ਅਤੇ ਇਸ ਤਰ੍ਹਾਂ ਆਲੋਚਨਾ ਦੀ ਆਲੋਚਨਾ ਵੀ ਹੁੰਦੀ ਰਹਿੰਦੀ ਹੈ ਪਰੰਤੂ ਆਲੋਚਨਾ ਦੇ ਸਮੁੱਚੇ ਅਧਿਐਨ ਤੋਂ ਪਾਠਕ ਨੂੰ ਕਈ ਭਾਂਤ ਦੀ ਅਗਵਾਈ ਜ਼ਰੂਰ ਮਿਲ ਸਕਦੀ ਹੈ। ਇਸ ਸਬੰਧ ਵਿਚ ਟੀ.ਐਸ. ਏਲੀਅਟ. (T.S. Eliot) ਦਸਦਾ ਹੈ ਕਿ ਆਲੋਚਕ ਦਾ ਇਕ ਕੰਮ ਤਾਂ ਇਹ ਦੱਸਣਾ ਹੈ ਕਿ ਸਾਹਿਤ ਕੀ ਹੈ ਅਤੇ ਦੂਜਾ ਕੰਮ ਇਹ ਦੱਸਣਾ ਹੈ ਕਿ ਵਿਚਾਰ ਅਧੀਨ ਰਚਨਾ ਉੱਤਮ ਹੈ ਜਾਂ ਨਹੀਂ ?

## ਪੰਜਾਬੀ ਆਲੋਚਨਾ ਦਾ ਇਤਿਹਾਸਕ ਵਿਕਾਸ

### ਰੂਪ ਰੇਖਾ

ਗੁਰੂ ਸਾਹਿਬਾਨ ਦੁਆਰਾ ਹੋਈ ਆਲੋਚਨਾ, ਦਮੋਦਰ ਗੁਲ੍ਹਾਟੀ ਦਾ ਪ੍ਰਵੇਸ਼-ਹਾਫਿਜ਼ ਬਰਖ਼ੁਰਦਾਰ ਦੀ ਆਲੋਚਨਾ-ਸੱਯਦ ਵਾਰਸ ਸ਼ਾਹ ਦੇ ਵਿਚਾਰ-ਹਾਮਦ ਸ਼ਾਹ ਅਬਾਸੀ, ਅਹਿਮਦਯਾਰ, ਸੱਯਦ ਹਾਸ਼ਮ ਸਾਹ, ਮੀਆਂ ਮਹੁੰਮਦ ਬਖ਼ਸ਼, ਸੱਯਦ ਫਜ਼ਲ ਸ਼ਾਹ ਆਦਿ ਦੇ ਆਲੋਚਨਾਤਮਕ ਵਿਚਾਰ-20ਵੀਂ ਸਦੀ ਦੇ ਆਲੋਚਕਾਂ ਦੀ ਆਲੋਚਨਾ।

### ਪੰਜਾਬੀ ਆਲੋਚਨਾ ਦੇ ਪ੍ਰਾਰੰਭਕ ਪਾਸਾਰ

ਇਸ ਪਾਠ ਵਿਚ ਪੰਜਾਬੀ ਆਲੋਚਨਾ ਦੀ ਜਨਮ ਤੇ ਹੋਂਦ-ਵਿਧੀ ਭਾਵ ਆਰੰਭਕ ਸਰੂਪ, ਇਸ ਦੇ ਇਤਿਹਾਸਕ ਵਿਕਾਸ ਅਤੇ ਪ੍ਰਮੁੱਖ ਰੁਚੀਆਂ ਤੇ ਲੱਛਣਾਂ ਬਾਰੇ ਲੋੜੀਂਦੀ ਪਰ ਸੰਖੇਪ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ ਹੈ। ਇਸ ਵਿਚ ਪ੍ਰਚਲਿਤ ਪ੍ਰਮੁੱਖ ਵਾਦਾਂ ਤੇ ਸਿਧਾਂਤਾਂ ਆਦਿ ਦੀ ਜਾਣ-ਪਛਾਣ ਅਗਲੇ ਪਾਠ ਵਿਚ ਕਰਵਾਈ ਜਾਵੇਗੀ। ਇਸ ਪਾਠ ਵਿਚ ਸਾਹਿਤ ਅਤੇ ਸਾਹਿਤ ਆਲੋਚਨਾ ਨੂੰ ਇਕ ਸੁਤੰਤਰ ਅਤੇ ਵਖਰੇ ਵਰਤਾਰੇ ਦੇ ਤੌਰ ਤੇ ਕਿਵੇਂ ਕਾਰਜਸ਼ੀਲ ਹੁੰਦੇ ਹਨ, ਪੇਸ਼ ਕੀਤਾ ਜਾਵੇਗਾ।

ਜਿਵੇਂ ਕਿ ਤੁਸੀਂ ਜਾਣਦੇ ਹੀ ਹੋ, ਪੰਜਾਬੀ ਵਿਚ 'ਆਲੋਚਨਾ' ਨਾਂ ਦਾ ਸ਼ਬਦ, ਸੰਕੇਤ ਤੇ ਸੰਕਲਪ ਪਿਛਲੇ ਪੰਜ ਕੁ ਦਹਾਕਿਆਂ ਤੋਂ ਹੀ ਪ੍ਰਚਲਤ ਹੋਇਆ ਹੈ। ਇਸ ਤੋਂ ਪਹਿਲੇ ਕੁਝ ਦਹਾਕਿਆਂ ਵਿਚ ਇਹੋ ਕੰਮ ਤੇ ਭਾਵ 'ਟੀਕਾ ਟਿਪਣੀ' 'ਪਰਖ' ਜਾਂ 'ਪੜਚੋਲ' ਨਾਂ ਦੇ ਸ਼ਬਦਾਂ ਤੇ ਸੰਕੇਤਾਂ ਤੋਂ ਲਿਆ ਜਾਂਦਾ ਰਿਹਾ ਹੈ।

ਪਰ ਪੰਜਾਬੀ ਵਿਚ ਸਾਹਿਤ ਦੇ ਇਸ ਰੂਪ, ਰੁਚੀ, ਵੰਨਗੀ ਜਾਂ ਅਨੁਭਵ ਜਾਂ ਜਨਮ ਜਾਂ ਪ੍ਰਵੇਸ਼ ਵੀਹਵੀਂ ਸਦੀ ਦੇ ਇਨ੍ਹਾਂ ਕੁਝ ਦਹਾਕਿਆਂ ਦੀ ਹੀ ਦੇਣ ਜਾਂ ਉਪਜ ਨਹੀਂ। ਪੰਜਾਬੀ ਆਲੋਚਨਾ/ਪਰਖ/ਪੜਚੋਲ/ਟੀਕਾ ਟਿੱਪਣੀ ਦਾ ਆਰੰਭ ਪੰਜਾਬੀ ਸਾਹਿਤ ਦੇ ਆਰੰਭ ਨਾਲ ਹੀ ਹੋ ਜਾਂਦਾ ਹੈ।

ਇਸ ਦਾ ਮੁੱਢ ਤਾਂ ਅੱਜ ਤੋਂ ਲਗਭਗ ਪੰਜ ਸੌ ਸਾਲ ਪਹਿਲਾਂ, ਪੰਜਾਬੀ ਦੇ ਮੋਢੀ ਤੇ ਮਹਾਨ ਉਸਰੱਈਏ, ਗੁਰੂ ਨਾਨਕ ਸਾਹਿਬ (1469-1539), ਦੇ ਕੁਝ ਬਚਨਾਂ ਜਾਂ ਵਿਚਾਰਾਂ ਦੀ ਵਿਆਖਿਆ ਜਾਂ ਟੀਕਾ ਟਿੱਪਣੀ ਕਰਕੇ ਇਸ ਨੂੰ ਆਰੰਭ ਕਰ ਦਿੱਤਾ ਸੀ। ਮਿਸਾਲ ਵਜੋਂ, ਸ਼ੇਖ ਫਰੀਦ ਜੀ ਨੇ ਇਹ ਜੋ ਤੇਰ੍ਹਵੀ ਸਦੀ ਵਿਚ ਫਰਮਾਇਆ ਸੀ :

> ਤਨੁ ਤਪੈ ਤਨੂਰ ਜਿਉਂ, ਬਾਲਣੁ ਹਡ ਬਲੰਨਿ,[1]
> ਪੈਰੀ ਥਕਾ ਸਿਰਿ ਜੁਲਾਂ, ਜੋ ਮੂੰ ਪਿਰੀ ਮਲੇਨਿ[2]

1. ਵੇਖੋ, 'ਸ੍ਰੀ ਗੁਰੂ ਗ੍ਰੰਥ ਸਾਹਿਬ' ਸ੍ਰੀ ਗੁਰੂ ਅਰਜਨ ਦੇਵ ਜੀ ਹੱਥੀ ਸੰਪਾਦਿਤ, ਅੰਮ੍ਰਿਤਸਰ-1604, 'ਸਲੋਕ ਸੇਖ ਫਰੀਦ ਕੇ' ਨੰ: 119, ਪੰ:
2. ਉਕਤ, 'ਸਲੋਕ ਵਾਰਾਂ ਤੇ ਵਧੀਕ ਮਹਲਾ 1' ਨੰ. 18,

ਸਤਿਗੁਰੂ ਨਾਨਕ ਜੀ ਨੇ ਉਸ ਦੇ ਭਾਵ-ਵਿਚਾਰ ਨੂੰ 'ਪੜਚੋਲਦਿਆਂ' ਆਪਣੀ ਸ਼ੁਭ ਰਾਏ ਪੰਦਰਵੀਂ ਸਦੀ ਵਿਚ ਇਉਂ ਲਿਖ ਦਿੱਤੀ ਸੀ।

ਤਨ ਨਾ ਤਪਾਇ ਤਨੂਰ ਜਿਉ, ਬਾਲਣੁ ਹਡ ਨਾ ਬਾਲਿ,
ਸਿਰਿ ਪੈਰੀ ਕਿਆ ਫੇਰਿਆ, ਅੰਦਰਿ ਪਿਰਿ ਸਮਾਲਿ।

ਮਗਰੋਂ ਗੁਰੂ ਅਮਰਦਾਸ ਜੀ (1469-1574), ਗੁਰੂ ਰਾਮ ਦਾਸ ਜੀ (1534-1581) ਤੇ ਗੁਰੂ ਅਰਜਨ ਦੇਵ ਜੀ (1539-1606) ਨੇ ਵੀ ਫਰੀਦ ਜੀ ਦੇ ਕੁਝ ਅਜਿਹੇ ਵਿਚਾਰਾਂ ਦੀ ਵਿਆਖਿਆ ਜਾਂ ਟੀਕਾ ਟਿੱਪਣੀ ਵਜੋਂ ਕੁਝ ਅਜਿਹੇ ਸਲੋਕ ਉਚਾਰੇ ਹਨ, ਜਿਵੇਂ ਫ਼ਰੀਦ ਜੀ ਦਾ ਵਿਚਾਰ ਸੀ ਕਿ :

ਫਰੀਦਾ ਰਤੀ ਰਤੁ ਨਾ ਨਿਕਲੈ, ਜੋ ਤਨੁ ਚੀਰੇ ਕੋਇ,
ਜੋ ਤਨੁ ਰਤੇ ਰਬ ਸਿਉ, ਤਿਨ ਤਨਿ ਰਤੁ ਨਾ ਹੋਇ।[1]

ਗੁਰੂ ਅਮਰਦਾਸ ਜੀ ਨੇ ਉਨ੍ਹਾਂ ਦੇ ਇਸ ਵਿਚਾਰ ਦੀ ਪੁਣ-ਛਾਣ ਕਰਦਿਆਂ ਤੇ ਆਪਣੀ ਵਿਚਾਰਧਾਰਾ ਨੂੰ ਪ੍ਰਗਟਾਉਂਦਿਆਂ,[2] ਸਪਸ਼ਟ ਤੌਰ ਤੇ ਦੱਸਿਆ ਕਿ ਇਹ ਗੱਲ ਸਾਡੀ ਜਾਂਚੇ, ਇਉਂ ਨਹੀਂ ਇਸ ਤਰ੍ਹਾਂ ਹੈ :

ਇਹ ਤਨੁ ਸਭੋ ਰਤੁ ਹੈ, ਰਤੁ ਬਿਨ ਤਨੁ ਨਾ ਹੋਇ,
ਜੋ ਸਹੁ ਰਤੇ ਆਪਣੇ, ਤਿਨੁ ਤਨਿ ਲੋਭੁ ਰਤੁ ਨਾ ਹੋਇ।[3]

## ਸੰਪਾਦਨ ਕਲਾ ਆਲੋਚਨਾ ਦੇ ਅੰਗ ਵਜੋਂ

ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' (1604) ਦੀ ਰਚਨਾ ਤੇ ਸੰਪਾਦਨ ਸਮੇਂ ਜਿੱਥੇ ਅਜਿਹੀਆਂ ਗੁਰੂ ਟਿੱਪਣੀਆਂ ਨੂੰ ਫਰੀਦ ਜੀ ਦੇ ਸੰਬੰਧਿਤ ਸਲੋਕ ਦੇ ਨਾਲ ਹੀ ਜੋੜ ਦਿੱਤਾ, ਉਥੇ ਪ੍ਰਾਪਤ ਹੋਈ ਸਾਰੀ ਰਚਨਾ ਗੁਰਬਾਣੀ ਦੇ ਭਗਤ ਬਾਣੀ ਵਿਚੋਂ ਲੋੜੀਂਦੀ ਚੋਣ ਤੇ ਯੋਗ ਸੰਪਾਦਨ ਕਰਨ ਲਈ ਇਕ ਅਜਿਹੀ ਪਰਖ-ਕਸੌਟੀ ਦੀ ਲੀਹ ਪਾ ਦਿੱਤੀ ਜਿਸ ਵੱਲ ਲੋੜੀਂਦਾ ਇਸ਼ਾਰਾ ਆਦਿ-ਗੁਰੂ ਆਪਣੀ ਹੇਠ ਲਿਖੀ ਤੁਕ ਵਿਚ ਆਪ ਕਰ ਗਏ ਸਨ :

ਧਨ ਸੁ ਕਾਗਦੁ, ਕਲਮ ਧੰਨ ਭਾਂਡਾ,' ਧੰਨ ਮਾਸੁ,
ਧੰਨ ਲਿਖਾਰੀ ਨਾਨਕਾ, ਜਿਨਿ ਨਾਮ ਲਿਖਾਇਆ ਸਚੁ।[4]

ਉਦੋਂ ਹਿੰਦੁਸਤਾਨ, ਖੁਦ ਪੰਜਾਬ ਵਿਚ ਵੀ ਕਈ ਭਗਤਾਂ, ਸੰਤਾਂ, ਫਕੀਰਾਂ ਤੇ ਦਰਵੇਸ਼ਾਂ ਦੀ ਢੇਰ ਰਚਨਾ ਮੌਜੂਦ ਸੀ। ਪਰ ਉਸ ਮਹਾਨ ਗੁਰੂ ਸੰਪਾਦਕ ਨੇ ਇਸ ਅਦੁੱਤੀ ਰਾਸ਼ਟਰੀ ਗ੍ਰੰਥ ਵਿਚ ਕੇਵਲ ਉਹੀ ਬਾਣੀ ਸ਼ਾਮਲ ਕੀਤੀ ਜੋ ਉਕਤ ਪਰਖ ਕਸੌਟੀ ਉੱਤੇ ਪੂਰੀ ਉੱਤਰੀ। ਜੋ ਗੁਰੂ ਆਸ਼ੇ ਦੇ ਅਨੁਕੂਲ ਸੀ ਅਤੇ ਜਿਸ ਦਾ ਮੁੱਖ ਮੰਤਵ ਇਕ ਈਸ਼ਵਰ ਤੇ ਭਰਾਤਰੀ ਪਣੇ ਦਾ ਪਰਸਾਰ, 'ਨਾਮ ਜਪਣਾ, ਕਿਰਤ ਕਰਨਾ

---

1. ਉਕਤ, 'ਸਲੋਕ ਫਰੀਦ ਦੇ', ਨੰ. 51 ਪੰ.
2. ਤੇਰ੍ਹਵੇਂ ਸਲੋਕ ਵਿਚ ਤਾਂ ਉਨ੍ਹਾਂ ਨੇ ਫਰੀਦ ਜੀ ਦਾ ਸੁਭ ਨਾਂ ਲੈ ਕੇ ਉਨ੍ਹਾਂ ਨੂੰ ਸਬੋਧਨ ਕਰ ਕੇ ਵੀ ਆਪਣਾ ਵਿਚਾਰ ਵਿਖੇਵਾਂ ਪਰਗਟ ਕੀਤਾ ਹੈ। ਵੇਖੋ ਉਕਤ ਪੰਨਾ।
3. ਵੇਖੋ, ਉਕਤ, ਨੰ. 52 ਪੰ.
4. ਵੇਖੋ, 'ਸ੍ਰੀ ਗੁਰੂ ਗ੍ਰੰਥ ਸਾਹਿਬ', ਉਹੀ, ਵਾਰ ਮਲਾਰ ਮਹਲਾ 1. ਪੰ.
5. ਵੇਖੋ : ਬੁਧ ਸਿੰਘ ਬਾਵਾ 'ਬੰਬੀਹਾ' ਬੋਲ

ਤੇ ਵੰਡ ਛਕਣਾ' ਦਾ ਪ੍ਰਚਾਰ ਅਤੇ ਸ਼ੁਭ ਅਮਲਾ ਚੜ੍ਹਦੀ ਕਲਾ ਤੇ ਪਰੇਮ ਭਾਵ ਦਾ ਪ੍ਰਚਾਰ ਸੀ। ਉਸ ਅਦੁੱਤੀ ਪਾਰਖੂ ਤੇ ਮਹਾਨ ਆਲੋਚਕ ਨੇ ਆਪਣੀ ਰਚਨਾ ਪੜ੍ਹਾਉਣ ਦੀ ਫਰਮਾਇਸ਼ ਲੈ ਕੇ ਆਏ ਭਗਤ ਕਾਹਨਾ ਜੀ ਦੇ ਹੇਠ ਲਿਖੇ ਵਾਕ :

ਉਹੀ ਰੇ ਮੈਂ ਉਹੀ ਰੇ
ਜਾ ਕੋ ਵੇਦ ਪੁਰਾਨ ਜਸ ਗਾਂਵੈ
ਖੋਜ ਦੇਖਉ ਮਤ ਕੋਈ ਰੇ।

ਨੂੰ ਇਸੇ ਵਿਸ਼ੇਸ਼ ਪਰਖ–ਕਸੌਟੀ ਦੇ ਆਧਾਰ ਤੇ, ਇਹ ਕਹਿ ਕੇ ਅਪ੍ਰਵਾਨ ਕਰ ਦਿੱਤਾ ਕਿ 'ਅਸੀਂ' 'ਮੈਂ' ਵਿਚ ਨਹੀਂ, 'ਤੂੰ' ਵਿਚ ਹੋਣਾ ਹੈ।' ਇਉਂ ਹੀ ਪੀਲੂ 'ਸ਼ਾਇਰ' ਦਾ ਇਹ ਬਚਨ :

ਪੀਲੂ ਅਸਾਂ ਨਾਲ ਸੇ ਭਲੈ, ਜੋ ਜੰਮਦਿਆਂ ਮਰ ਗਏ,
ਉਨ੍ਹਾਂ ਚਿਕੜ ਪਾਉਂ ਨਾ ਬੋੜਿਆ ਨਾ ਆਬੂਦ ਭਏ।[5]

ਸੁਣਕੇ ਉਨ੍ਹਾਂ ਫਰਮਾਇਆ : 'ਸਾਡਾ ਮਤ ਆਸ਼ਾਵਾਦੀ ਹੈ, ਇਹ ਨਿਰਾਸਤਾ ਵਿਚ ਨਿਸ਼ਚਾ ਨਹੀਂ ਰੱਖਦਾ ਇਸ ਦਾ ਮੰਤਵ 'ਹਸੰਦਿਆਂ ਖੇਡੰਦਿਆਂ ਪੈਨੰਦਿਆਂ ਹੀ ਮੁਕਤੀ ਪ੍ਰਾਪਤ ਕਰਨਾ ਹੈ।[1] ਇੰਨ ਬਿੰਨ ਇਸੇ ਤਰ੍ਹਾਂ ਉਨ੍ਹਾਂ ਨੇ ਭਗਤ ਛੱਜੂ ਜੀ ਦੀ ਇਸਤਰੀ ਜਾਤੀ ਨੂੰ ਨਿਖੇਧੀ ਅਤੇ ਸੂਫੀ ਸ਼ਾਹ ਹੁਸੈਨ (1538–1599) ਦੀ ਰੱਬ ਨਾਲ ਸ਼ਰੀਕਾ ਕਰਦੀ ਰਚਨਾ ਨੂੰ ਆਪਣੇ ਆਸ਼ਿਉਂ ਬਾਹਰ ਸਮਝਦਿਆਂ ਅਪਰਵਾਨ ਕਰ ਦਿੱਤਾ। ਅਜੇਹੀ ਆਦਰਸ਼ਕ ਪਰਖ–ਕਸੌਟੀ ਅਤੇ ਗੰਭੀਰ ਭਾਵ–ਪੂਰਵਕ ਟੀਕਾ–ਟਿਪਣੀ ਇਕ ਆਲੋਚਕ ਤੇ ਪਾਰਖੂ ਦਿਲ ਦਿਮਾਗ ਦੀ ਹੀ ਸੂਚਕ ਹੈ।

## ਸਮਕਾਲੀਆਂ ਅਤੇ ਪੂਰਵਕਾਲੀਆਂ ਸੰਬੰਧੀ ਟਿਪਣੀਆਂ

ਜਿਵੇਂ ਕਿ ਪਰਤੱਖ ਹੈ,'ਗੁਰੂ ਗ੍ਰੰਥ ਸਾਹਿਬ' ਦੀ ਰਚਨਾ ਤੇ ਸੰਪਾਦਨ ਵਿਚ ਉਕਤ ਆਲੋਚਨਾ ਦਾ ਘੇਰਾ ਕੇਵਲ ਵਿਸ਼ੇ ਤਕ ਸੀਮਤ ਰਿਹਾ।

ਉਨ੍ਹਾਂ ਦੇ ਸਮਕਾਲੀ, ਮੌਲਵੀ ਮਹੁੰਮਦ ਅਬਦੁਲਾ 'ਅਬਦੀ' ਦੀ ਹੇਠ ਲਿਖੀ ਪਰਖ–ਕਸੌਟੀ ਵੀ ਇਸੇ ਰੂਪ ਤੇ ਰੁਚੀ ਦੀ ਸਾਖ ਭਰਦੀ ਹੈ।ਉਨ੍ਹਾਂ ਨੇ ਇਲਮ ਤੇ ਨਜ਼ਮ ਹੀ ਉਸ ਨੂੰ ਮੰਨਿਆ ਜਿਸ ਵਿਚ ਉਨ੍ਹਾਂ ਦੀ ਆਪਣੀ ਵਿਚਾਰਧਾਰਾ ਦੇ ਅਨੁਕੂਨ (ਤੇ ਉਕਤ ਗੁਰੂ–ਕਸਵੱਟੀ ਤੇ ਪ੍ਰਤਿਕੂਲ) 'ਫਿਕਾ ਅਸੂਲ' ਹੀ ਕਾਨੀਬੰਦ ਹੋਣ।ਇਸੇ ਲਈ ਉਨ੍ਹਾਂ ਨੇ ਸੋਲਵੀ ਸਦੀ ਦੇ ਅਖੀਰਲੇ ਦਹਾਕੇ ਲਾਗੇ ਲਿਖਿਆ :–

'ਨਜ਼ਮ ਜਿਨ੍ਹਾਂ ਦਾ ਨਾਮ ਹੈ, ਬਾਝੋ ਫਿਕਾ ਅਸੂਲ,
ਉਹ ਅੱਲਾ ਦੀ ਦਰਗਾਹ ਵਿਚ,ਨਹੀ ਨਜ਼ਮ ਕਬੂਲ।
ਮੂਲਾਂ ਸੇਤੀ ਪੁਛ ਤੂੰ, ਜੋ ਜਾਣਨ ਫ਼ਿਕਾ ਅਸੂਲ,
ਅਲਾ ਦੀ ਦਰਗਾਹ ਵਿਚ, ਉਹ ਆਲਮ ਸਭ ਮਕਬੂਲ।[2]

## ਸਿਰਜਨਾ ਤੇ ਆਲੋਚਨਾ

ਇਹ ਕੁਝ ਸੁਭਾਵਕ ਵੀ ਸੀ। ਆਲੋਚਨਾ ਮੂਲ ਰੂਪ ਵਿਚ, ਸਿਰਜਨਾ ਤੋਂ ਬਾਅਦ ਦੀ ਉਪਜ ਹੈ। ਜਿਵੇਂ ਕਿ ਤੁਹਾਨੂੰ ਪਤਾ ਹੀ ਹੈ, ਆਪਣੇ ਭਾਵਾਂ ਤੇ ਅਨੁਭਵਾਂ ਨੂੰ ਦੂਜਿਆਂ ਨਾਲ ਤੁਲਨਾਉਣ ਦੀ ਰੁਚੀ ਮਨੁੱਖੀ

1. ਵੇਖੋ : 'ਸ੍ਰੀ ਗੁਰੂ ਗ੍ਰੰਥ ਸਾਹਿਬ' ਉਹੀ
2. ਵੇਖੋ : ਅਬਦੀ ਮਹੁੰਮਦ ਅਬਦੁਲਾ ਰਿਸਾਲਾ ਹਿੰਦੀ, 967 ਹਿ. ਮੁਤਾਬਕ 1558–89 ਈ.

ਸੁਭਾ ਦਾ ਇਕ ਮੁੱਢ ਕਦੀਮੀ ਅੰਗ ਹੈ। ਵਿਅਕਤੀ ਵਿਚੋਂ ਹੀ ਮੁੱਢੋਂ ਹੀ ਦੋ ਪਰਕਾਰ ਦੀਆਂ ਮੁੱਖ ਰੁਚੀਆਂ ਕੰਮ ਕਰ ਰਹੀਆਂ ਜਾਪਦੀਆਂ ਹਨ। ਇਕ ਹੈ 'ਪਰੰਪਰਾ ਨੂੰ ਅਪਨਾਉਣ ਦੀ, ਤੇ ਦੂਜੀ 'ਨਵੀਨਤਾ' ਨੂੰ ਹੋਂਦ ਵਿਚ ਲਿਆਉਣ ਦੀ। ਤੇ 'ਸਿਰਜਨਾ' ਅਜਿਹੀਆਂ ਰੁਚੀਆਂ ਦੇ ਉਦਗਰਾਂ ਦਾ ਹੀ ਪ੍ਰਗਟਾਉ ਹੈ। ਜਦੋਂ ਇਹ 'ਸਿਰਜਨਾ' ਸਮਾਜ ਦੇ ਘੇਰੇ ਵਿਚ ਆਉਂਦੀ ਹੈ ਤਾਂ ਇਹ ਇਕ ਸਮਾਜਕ ਵਸਤੂ ਹੋਣ ਕਰਕੇ 'ਆਲੋਚਨਾ' ਦਾ ਨਿਸ਼ਾਨਾ ਬਣ ਜਾਂਦੀ ਹੈ।

ਇਹ 'ਆਲੋਚਨਾ' ਸਦਾ ਦੋ ਦ੍ਰਿਸ਼ਟੀਆਂ ਤੋਂ ਹੀ ਹੁੰਦੀ ਆਈ ਹੈ : ਵਸਤੂ ਦੀ ਦ੍ਰਿਸ਼ਟੀਉਂ ਤੇ ਰੂਪ ਦੇ ਪੱਖੋਂ। ਪਰ ਇਸ ਦਾ ਅਸਲ ਤੇ ਮੁਢਲਾ ਧੁਰਾ 'ਵਸਤੂ' ਹੀ ਬਣਿਆ ਰਿਹਾ ਹੈ : ਕਿਉਂਕਿ ਆਮ ਤੌਰ ਤੇ ਵਿਚਾਰ-ਵਖਰੇਵਾਂ ਹੀ ਇਸ ਪ੍ਰਕਾਰ ਦੀ ਆਲੋਚਨਾ ਦੀ ਨੀਂਹ ਬਣਦਾ ਰਿਹਾ ਹੈ।

ਫਰੀਦ ਜੀ ਇਸਲਾਮੀ ਪਰੰਪਰਾ ਤੇ ਵਿਚਾਰਧਾਰਾ ਦੇ ਅਨੁਆਈ ਸਨ ਅਤੇ ਗੁਰੂ ਸਾਹਿਬ ਇਕ ਨਵੀਂ ਲੀਹ ਤੇ ਵਿਚਾਰ-ਪ੍ਰਣਾਲੀ ਦੇ ਸੰਚਾਲਕ ਸਨ। ਇਸ ਲਈ ਇਹ ਵਿਚਾਰ-ਵਖਰੇਵਾਂ ਸੰਭਵ ਤੇ ਸੁਭਾਵਕ ਵੀ ਸੀ, ਅਤੇ ਇਹੋ ਫਿਰ ਪੰਜਾਬੀ ਵਿਚ 'ਵਸਤੂ-ਪੱਖੀ ਆਲੋਚਨਾ ਤੇ 'ਤੁਲਨਾਤਮਕ ਅਧਿਐਨ' ਦਾ ਮੁਢ ਬਣ ਨਿਬੜਿਆ।

ਨਾਲੇ ਇਹ ਕੁਝ ਕਿਉਂਕਿ ਅਧਿਆਤਮਿਕ ਵਿਚਾਰਾਂ ਨਾਲ ਹੀ ਸੰਬੰਧਤ ਸੀ, ਇਸ ਲਈ ਸਾਡੀ ਮੁਢਲੀ ਆਲੋਚਨਾ ਦਾ ਰੰਗ, ਰੂਪ ਤੇ ਰੁਚੀ ਅਧਿਆਤਮਿਕ ਹੀ ਰਹੀ।

ਅਕਬਰ ਦੇ ਸਮਕਾਲੀ, ਦਮੋਦਰ ਗੁਲਾਟੀ ਦੇ ਪਰਵੇਸ਼ ਨਾਲ ਜਿਥੇ ਸਾਹਿਤ ਦੀ ਨੁਹਾਰ ਬਦਲਣੀ ਸ਼ੁਰੂ ਹੋਈ, ਉਥੇ ਆਲੋਚਨਾ ਦੀ ਵਿਤ, ਘੇਰੇ ਤੇ ਦ੍ਰਿਸ਼ਟੀ ਵਿਚ ਵੀ ਤਬਦੀਲੀ ਆਉਣ ਲਗ ਪਈ। ਇਸ ਦਾ ਖੇਤਰ ਰੋਮਾਂਚਕ, ਰੁਚੀ ਸੰਸਾਰਕ ਤੇ ਦ੍ਰਿਸ਼ਟੀ ਲੋਕਿਕ ਬਣਾਈ ਗਈ।

## ਸਿਰਜਕ ਦੇ ਸਵੈ-ਕਥਨ

ਦਮੋਦਰ ਦੀ ਵੇਖਾ ਵੇਖੀ, ਕਈ ਹੋਰ ਕਿੱਸਾਕਾਰਾਂ ਨੇ ਲੋਕਾਂ ਦੇ ਮਹਿਬੂਬ ਪਾਤਰਾਂ ਦੀਆਂ ਪ੍ਰੀਤ-ਕਹਾਣੀਆਂ ਕਵਿਤਾਉਣੀਆਂ ਸ਼ੁਰੂ ਕੀਤੀਆਂ ਅਤੇ ਉਨ੍ਹਾਂ ਦੀਆਂ ਭੂਮਿਕਾ ਤੇ ਅੰਤਿਕਾ[1] ਵਿਚ ਆਪਣੇ ਪੂਰਬ-ਕਾਲੀਆਂ ਦੀ ਜਾਤ ਤੇ ਕਲਾ-ਕਿਰਤ ਆਦਿ ਬਾਰੇ ਕੁਝ ਲਿਖਣ ਦਾ ਰਿਵਾਜ ਪਾ ਦਿੱਤਾ। ਨਾਲ ਹੀ ਆਪਣੇ ਜੀਵਨ, ਰਚਨਾ, ਥਾਂ-ਟਿਕਾਣੇ ਅਤੇ ਪੀਰ-ਪੇਸ਼ੇ ਆਦਿ ਸੰਬੰਧੀ ਵੀ ਥੋੜੀ-ਬਹੁਤੀ ਵਾਕਫੀ ਦੇਣੀ ਸ਼ੁਰੂ ਕਰ ਦਿੱਤੀ।

ਹੁਣ ਤੱਕ ਪ੍ਰਾਪਤ ਹੋਏ ਕਿੱਸਾ-ਸਾਹਿਤ ਨੂੰ ਮੁੱਖ ਰੱਖਦਿਆਂ, ਇਸ ਪਰਿਪਾਟੀ ਦੀ ਪਹਿਲ ਔਰੰਗਜ਼ੇਬ ਦੇ ਸਮਕਾਲੀ ਮੌਲਵੀ ਹਾਫਿਜ਼ ਬਰਖ਼ੁਰਦਾਰ ਨੇ ਕੀਤੀ ਜਾਪਦੀ ਹੈ। ਇਕ ਪੂਰਬ ਕਾਲੀ ਕਵੀ, ਪੀਲੂ ਦੀ ਕਿਰਤ ਤੇ ਸੋਭਾ ਦਾ ਜਾਇਜ਼ਾ ਲੈਂਦਿਆਂ ਆਪਣੇ 'ਕਿੱਸਾ ਮਿਰਜ਼ਾ ਸਾਹਿਬ' ਵਿਚ ਇਹ ਉਨ੍ਹਾਂ ਹੀ ਲਿਖਿਆ ਸੀ :

ਯਾਰੋ ! ਪੀਲੂ ਨਾਲ ਬਰਾਬਰੀ, ਸ਼ਾਇਰ ਭੁਲ ਕਰੇਨ,
ਜਿਹਨੂੰ ਪੰਜਾਂ ਪੀਰਾਂ ਦੀ ਥਾਪਣਾ, ਕੰਧੀ ਦਸਤ ਧਰੇਨ।[2]

---

1. ਕਿੱਸੇ ਜਾਂ ਕਿਤਾਬ ਦੇ ਅੰਤ ਵਿਚ ਕਵੀ ਜਾਂ ਕਰਤਾ ਵੱਲੋਂ ਆਪਣੇ ਪੂਰਬ-ਕਾਲੀਆਂ ਜਾਂ ਆਪਣੀ ਜਾਤ ਦੇ ਥਾਂ-ਟਿਕਾਣੇ ਅਤੇ ਆਪਣੀ ਰਚਨਾ ਦੇ ਲਿਖਣ ਕਾਰਨ, ਸਮੇਂ ਤੇ ਸਥਾਨ ਆਦਿ ਬਾਰੇ ਦਿੱਤੀ ਸੰਖੇਪ ਜਾਣਕਾਰੀ। ਇਸ ਨੂੰ ਅੰਗਰੇਜ਼ੀ ਵਿਚ Colophan ਆਖਦੇ ਹਨ।
2. ਵੇਖੋ, ਹਾਫਿਜ਼ ਬਰਖ਼ੁਰਦਾਰ ਮੌਲਵੀ, 'ਕਿੱਸਾ ਮਿਰਜ਼ਾ ਸਾਹਿਬਾਂ'

ਆਪਣੀ ਇਕ ਹੋਰ ਰਚਨਾ 'ਕਿੱਸਾ ਯੂਸਫ ਜ਼ੁਲੈਖਾਂ' ਦੀ ਅੰਤਿਕਾ ਵਿਚ ਉਸ ਦੇ ਮੁੱਖ ਮੰਤਵ, ਸਮੁੱਚੇ ਭਾਵ ਤੇ ਲਿਖਣ ਤਰੀਕ ਆਦਿ ਦਾ ਜ਼ਿਕਰ ਕਰਦਿਆਂ ਉਨ੍ਹਾਂ ਲਿਖਿਆ :

ਦੇ ਤਰੀਤਬ ਮੁਰੱਤਬ ਕੀਤਾ, 'ਹਾਫਿਜ਼ ਰਿਸਾਲਾ'
ਖ਼ਮ ਯਾਕੂਬੇ, ਹਿਜ਼ਰ ਯੂਸਫ ਦੇ, ਸੋਜ਼ ਜ਼ੁਲੈਖਾਂ ਵਾਲਾ।
ਕਿੱਸਾ ਜੋੜ ਮੁਰੱਤਬ ਕੀਤਾ, 'ਬਰਖੁਰਦਾਰ' ਵਿਚਾਰੇ,
ਜਾਂ ਨਵੇਂ ਸਾਲ ਹਜ਼ਾਰ ਉਤੇ, ਕਾਮਲ ਗੁਜ਼ਰੇ ਸਾਰੇ।[3]

ਇਸੇ ਤਰ੍ਹਾਂ ਉਸ ਉੱਤੇ ਖਰਚ ਹੋਈ ਮਿਹਨਤ ਤੇ ਆਪਣੇ ਕਵੀ-ਆਦਰਸ਼ ਵੱਲ ਵੀ ਝਾਤ ਪੁਆਂਦਿਆਂ ਉਨ੍ਹਾਂ ਦੱਸਿਆ :

ਇਕ ਇਕ ਬੈਂਤ ਜੋ ਦਾਖਲ ਕੀਤਾ, ਅੰਦਰ ਏਸ ਰਿਸਾਲੇ,
ਮੈਂ ਭਰ ਜਾਮ ਉੱਤੋਂ-ਉਤੀ ਪੀਤੇ, ਲਹੂ ਦਿਲ ਦੇ ਨਾਲੇ।
ਸ਼ਾਇਰ ਹੋਵਣ ਹਸਣ ਖੇਡਣ, ਪੀਵਾਂ ਜਹਿਰ ਪਿਆਲਾ,
ਬੇਫਿਕਰਾਂ ਨੂੰ ਚਰਬ ਨਿਵਾਲਾ, ਖੰਡਾਂ ਖੀਰ ਨਿਵਾਲਾ।
ਭਰ ਭਰ ਸ਼ਾਇਰ ਗੋਤੇ ਮਾਰਨ, ਅੰਦਰ ਲਹੂ ਦਿਲ ਦੇ,
ਤਾਂ ਕਢ ਕਢ ਲਾਲ ਪਰੋਵਣ ਲੜੀਆਂ, ਜੂੰ ਜੂੰ ਵੇਖਣ ਬੰਦੇ।
ਮੈਂ ਨੈਣਾਂ ਦੇ ਨਾਲ ਪਰੋਏ, ਚੁਣ ਚੁਣ ਦਰ ਪੁਰਾਣੇ,
ਤਾਂ ਹਰ ਹਾਰ ਮੁਰੱਤਬ ਹੋਇਆ, ਆਲਮਗਰੀ ਜਮਾਨੇ।[4]

ਪੰਜਾਬੀ ਵਿਚ ਸ੍ਵੈ-ਆਲੋਚਨਾ ਦੀ ਪਿਰਤ ਵੀ ਸ਼ਾਇਦ ਇਸੇ ਕਵੀ ਭਾਵ ਹਾਫਿਜ਼ ਬਰਖ਼ੁਰਦਾਰ ਦੇ ਉਕਤ ਵਿਚਾਰਾਂ ਨਾਲ ਹੀ ਪਈ ਹੋਵੇ।

## ਸਲੋਕ ਦੀ ਤੁਲਨਾਤਮਕ ਸਲੋਕ ਰਾਹੀ ਟਿੱਪਣੀ

ਪਾਰਖੂਆਂ, ਪੜਚੋਲੀਆਂ ਜਾਂ ਆਲੋਚਕਾਂ ਦੀ ਹੋਂਦ ਤੇ ਲੋੜ, ਮਹੱਤਵ ਤੇ ਕਰਤੱਵ ਆਦਿ ਦਾ ਅਹਿਸਾਸ ਵੀ ਪਹਿਲਾਂ-ਪਹਿਲ ਉਸ ਨੇ ਹੀ ਇਉਂ ਕਾਨੀਬੰਦ ਕੀਤਾ ਜਾਪਦਾ ਹੈ :

ਖੋਟਾ ਖਰਾ ਤਦਾਈਉ, ਜਾਪੇ, ਜਾਂ ਵਸ ਪਏ ਸਰਾਫਾਂ,
ਲੂਣਾ ਤੇਲੀ ਭੇਦ ਅਲੇਲੀ ਆਰਕੇ ਮਾਰਨ ਲਾਫਾਂ।
ਭੀ ਸਾਹਿਬ ਇਕੱਠੇ ਹੋਸਣ, ਬਹਿਣ ਮਜਲਸ ਕਰਕੇ,
ਉਹ ਮੁਨਸਫ ਹੋ ਕੇ ਸੁਖਨ ਪਛਾਣਨ, ਅਦਲ ਤਰਾਜੂ ਧਰ ਕੇ।
ਮੈਂ ਕੁਲ ਜਵਾਹਿਰ, ਮਾਣਕ, ਮੋਤੀ, ਲਾਲ ਜ਼ਮੁਰਦੇ ਲਾਏ,
ਯਾਉਂ ਥਾਂਈ ਕੁਝ ਕਰੀਨਾ, ਦੇ ਤਰਤੀਬ ਲਗਾਏ।

ਮਗਰਲੇ ਕਿੱਸਾਕਾਰ ਤੇ ਲੋਕ ਕਵੀ ਵੀ ਫਿਰ ਇਸੇ ਲੀਹ ਉੱਤੇ ਤੁਰਨ ਲਗ ਪਏ। ਹੋਰ ਤਾਂ ਹੋਰ, ਸੱਯਦ ਵਾਰਸ ਸ਼ਾਹ ਨੇ ਖ਼ੁੱਦ ਆਪਣੀ ਕਿਰਤ ਸੰਬੰਧੀ ਅਜਿਹੇ ਦਮਗਜੇ ਮਾਰੇ ਕਿ ਆਪਣੇ ਪੂਰਬ ਕਾਲੀਆਂ ਦਾ

---

3. ਵੇਖੋ, ਹਾਫਿਜ਼ ਬਰਖ਼ੁਰਦਾਰ ਮੌਲਵੀ, 'ਯੂਸਫ ਜ਼ੁਲੈਖਾਂ' 1099 ਹਿ. ਮੁਤਾਬਕ 1679 ਈ.
4. ਵੇਖੋ : ਹਾਫਿਜ਼ ਬਰਖ਼ੁਰਦਾਰ, ਮੌਲਵੀ, ਯੂਸਫ ਜ਼ੁਲੈਖਾਂ 1099 ਹਿ. ਮੁਤਾਬਕ 1679 ਈ. ਅੰਤਿਮਾ।

ਝਾਕਾ ਵੀ ਖੋਲ੍ਹ ਦਿੱਤਾ। ਆਪਣੇ 'ਕਿੱਸਾ ਹੀਰ' ਦੀ ਵਡਿਆਈ ਤੇ ਕਲਾ-ਕੁਸ਼ਲਤਾ ਬਾਰੇ ਉਸ ਨੇ ਐਲਾਨੀਆ ਆਖਿਆ :-

ਹੁਕਮ ਮੰਨ ਕੇ ਸੱਜਣਾਂ ਪਿਆਰਿਆਂ ਦਾ
ਕਿੱਸਾ ਅਜਬ ਬਹਾਰ ਦਾ ਜੋੜਿਆ ਈ।
ਸ਼ਿਅਰ ਜੋੜ ਕੇ ਖੂਬ ਦਰੁਸਤ ਕੀਤਾ
ਨਵਾਂ ਫੁੱਲ ਗੁਲਾਬ ਦਾ ਤੋੜਿਆ ਈ।
ਬਹੁਤ ਜੀਊ ਦੇ ਵਿਚ ਤਦਬੀਰ ਕਰ ਕੇ,
ਫਰਹਾਦ ਪਹਾੜ ਨੂੰ ਫੋੜਿਆ ਈ।
ਸਭਾ ਵੀਨ ਕੇ ਜੇਬ ਬਣਾ ਦਿੱਤਾ,
ਜਿਹਾ ਅਸਰ ਗੁਲਾ ਨਿਚੋੜਿਆ ਈ।[1]

ਵਾਰਸ ਨੂੰ ਤਾਂ ਪੂਰਵ-ਕਾਲੀ 'ਹੀਰ ਕਾਰਾਂ' ਦੇ ਮੁਕਾਬਲੇ ਤੇ ਆਪਣੀ ਭਾਵੁਕ ਤੇ ਕਲਾਮਈ ਪੱਧਰ ਦਾ ਗਿਆਨ ਇੰਨਾਂ ਤੀਖਣ ਮਹਿਸੂਸ ਹੋਇਆ ਕਿ ਉਸ ਨੇ ਆਪਣੇ ਕਿੱਸੇ ਦੀ ਅੰਤਿਕ ਵਿਚ ਇਸ ਦੇ ਅਦੁੱਤੀ ਤੇ ਅਮਰ ਹੋਣ ਦਾ ਇਉਂ ਦਾਅਵਾ ਵੀ ਕਰ ਦਿੱਤਾ :

1. ਸੁਖ਼ਨ ਯਾਦਗਾਰੀ ਰਹੀ ਸ਼ਾਇਰਾਂ ਦੀ
ਜਿਨ੍ਹਾਂ ਤਬਾਹ ਦਾ ਜੋਰ ਅਜਮਾਇਆ ਈ।
ਐਪਰ 'ਹੀਰ' ਨਾ ਕਿਸੇ ਨੇ ਕਹੀ ਐਸੀ,
ਸ਼ਿਅਰ ਬਹੁਤ ਮਰਗੂਬ ਬਣਾਇਆ ਈ।
2. ਪਰਖ ਸ਼ਿਅਰ ਦੀ ਆਪ ਕਰ ਲੈਣ ਸ਼ਾਇਰ,
ਘੋੜਾ ਫੇਰਿਆ ਵਿਚ ਨਖਾਸ ਦੇ ਮੈਂ।
ਹੋਰ ਸ਼ਾਇਰਾਂ ਚੱਕੀਆਂ ਝੋਕੀਆਂ ਨੀ,
ਗਨਾ ਪੀਡਾ ਈ ਵਿਚ ਖ਼ਰਾਸ ਦੇ ਮੈਂ।
3. ਐਸ ਸ਼ਿਅਰ ਕੀਤਾ ਪੁਰਮਖ਼ਜ਼ ਮੌਜੂੰ।
ਜਿਹੀ ਮੋਤੀਆਂ ਲੜੀ ਸ਼ਾਹਵਾਰ ਦੀ ਸੀ।
ਜੇ ਕੋਈ ਪੜ੍ਹੇ ਸੋ ਬਹੁਤ ਖੁਰਸੰਦ ਹੋਵੇ,
'ਵਾਹ ਵਾਹ' ਸਭ ਖਲਕ ਪੁਕਾਰਦੀ ਸੀ।'[2]

ਕਮਾਲ ਇਸ ਗੱਲ ਵਿਚ ਵੀ ਹੈ ਕਿ ਪੰਜਾਬੀ ਸਿਰਜਨਾ ਦੇ ਖੇਤਰ ਵਿਚ 1766 ਵਿਚ ਪ੍ਰਗਟ ਹੋਈ ਇਸ ਸ਼ੈ-ਪਰਖ ਦਾ ਸਿਕਾ ਅਜੇ ਤੱਕ ਉਸੇ ਤਰ੍ਹਾਂ ਚਲ ਰਿਹਾ ਹੈ।

ਇਸ ਦੇ ਉਲਟ, ਹਾਮਦ ਸ਼ਾਹ ਅਬਾਸੀ ਨੇ ਆਪਣੇ ਜੰਗਨਾਮੇ (1777 ਈ:) ਵਿਚ ਆਪਣੇ ਗਰੀਬੀ ਦਾਅਬੇ ਨੂੰ ਕਾਨੀਬੰਦ ਕਰਦਿਆਂ ਇਉਂ ਲਿਖਿਆ :

---

1. ਵੇਖੋ, ਹਾਫਿਜ਼ ਸ਼ਾਹ ਸੱਯਦ, 'ਕਿੱਸਾ ਹੀਰ ਰਾਂਝਾ' ਖਰਲ ਹਾਂਸ 1766 ਈ. ਭੂਮਿਕਾ।
2. ਵਾਰਸ ਸਾਹ ਸੱਯਦ, ਕਿੱਸਾ 'ਹੀਰ ਰਾਂਝਾ' ਖਰਲ ਹਾਸ 1766 ਅੰਤਿਮਾ ਵਿਚ।

ਨਾ ਹੀ ਦਾਅਵਾ ਸ਼ਿਅਰ ਦਾ, ਨਾ ਹੀ ਸ਼ਾਇਰ ਮੂਲ,

ਗੰਢ ਤੁਪ ਮੇਰਾ ਹੋ ਗਿਆ, ਵਿਚ ਜਨਾਬ ਕਬੂਲ।[1]

ਹਾਮਦ ਨੇ ਤਾਂ ਆਪਣਾ ਕਿੱਸਾ ਹੀਰ ਦੇ ਪਲਾਟ ਆਦਿ ਲਈ ਆਪਣੇ ਪਹਿਲਿਆਂ ਤੋਂ ਲਈ ਸਹਾਇਤਾ ਦਾ ਇਕਬਾਲ ਵੀ ਬੜੀ ਦਲੇਰੀ ਤੇ ਦਿਆਨਤਦਾਰੀ ਨਾਲ ਕਰਕੇ, ਪੰਜਾਬੀ ਆਲੋਚਨਾ ਦੇ ਖੇਤਰ ਵਿਚ ਇਕ ਹੋਰ ਨਵੀਂ ਲੀਹ ਤੇ ਨਰੋਈ ਅੰਸ਼ ਦਾ ਵਾਧਾ ਵੀ ਕਰ ਦਿੱਤਾ ਸੀ। ਆਪਣੀ ਕਿਰਤ ਦਾ ਮੁੱਢ ਬੰਨ੍ਹਦਿਆਂ ਹੀ, ਉਸ ਲਿਖਿਆ :

ਚਾਵਲ ਆਪਣੇ ਮੰਗ ਕੇ 'ਮੁਕਾਬਲੇ' ਤੋਂ,
ਲੂਣ ਅਹਿਮਦੇ ਦਾ ਵਿਚ ਪਾਵਸਾਂ ਮੈਂ।
ਘਿਉ ਹੱਟ 'ਗੁਰਦਾਸ' ਦਾ ਵਿਚ ਪਾਵਾਂ,
ਖਿਚੜੀ ਜੋੜ ਕੇ ਦੇਸ ਰਿਝਾਵਸਾਂ ਮੈਂ।'[2]

ਇਸ ਪ੍ਰਕਾਰ ਦੀ ਸ੍ਵੈ-ਪਰਖ ਤੇ ਆਲੋਚਨਾ ਨੂੰ ਮੌਲਵੀ ਅਹਿਮਦ ਯਾਰ (1768-1845) ਨੇ ਸਿਖਰ ਤੇ ਪਹੁੰਚਾ ਦਿੱਤਾ ਜਾਪਦਾ ਹੈ।

ਅਹਿਮਦ ਯਾਰ ਆਪ ਇਕ ਕੜਤੋੜ ਕਵੀ ਹੋਣ ਤੋਂ ਛੁੱਟ ਇਕ ਸੂਝਵਾਨ ਸਮਾਲੋਚਕ ਵੀ ਸੀ। ਉਸ ਨੇ ਪੂਰਬ-ਕਾਲੀ ਪੰਜਾਬੀ ਕਵਿਤਾ ਨੂੰ ਧਿਆਨ ਨਾਲ ਪੜ੍ਹਿਆ ਤੇ ਘੋਖਿਆ ਜਾਪਦਾ ਹੈ। ਅਤੇ ਫੇਰ ਉਸ ਦੀ ਪਰਖ-ਪੜਚੋਲ ਵੀ ਕੀਤੀ ਹੈ ਜੋ ਉਸ ਦੇ ਦੋ ਕਿਸਿਆਂ-'ਯੂਸਫ ਜੁਲੈਖਾ' ਤੇ 'ਹੀਰ ਰਾਂਝਾ' - ਦੀਆਂ ਅੰਤਿਕਾਂ ਵਿਚ ਅੰਕਿਤ ਹੈ।

ਅਹਿਮਦ ਯਾਰ ਨੂੰ ਆਪਣੇ ਸਮੇਂ ਦਾ ਇਕ ਪਾਰਖੂ ਜਾਂ ਆਲੋਚਕ ਹੋਣ ਦਾ ਮਾਣ ਵੀ ਸੀ। ਉਸ ਨੇ ਆਮ ਆਖਿਆ ਹੈ :

ਸੁਥਰਾ ਸ਼ਾਇਰ ਨਾ 'ਹਾਫਿਜ਼' ਜੇਹਾ, ਤੋਲ ਪੂਰਾ ਉਸ ਹੱਟੀ,
ਪਰ ਅਗਲਿਆਂ ਪਿਛਲਿਆਂ ਸ਼ਾਇਰਾਂ ਦੀ, ਮੈਂ ਇਸ ਵੇਲੇ ਕਸਵੱਟੀ।[3]

ਫਿਰ ਖੂਬੀ ਇਹ ਕਿ ਉਸ ਨੇ ਰਾਹੀਆਂ-ਪਾਰਟੀਆਂ ਤੇ ਬੇਤੁਕੀਆਂ ਚਲਾਉਣ ਦੀ ਥਾਂ, ਹੋਰਨਾਂ ਕਵੀਆਂ ਤੇ ਉਨ੍ਹਾਂ ਦੀਆਂ ਕਿਰਤਾਂ ਪਰਖਣ ਲਈ 'ਕਸਵੱਟੀ' ਵੀ ਮਿਥੀ ਹੋਈ ਸੀ। ਉਸ ਦੀ ਦ੍ਰਿਸ਼ਟੀ ਵਿਚ ਅਸਲ ਸ਼ਾਇਰ ਤੇ ਸਾਹਿਤਕਾਰ ਹੀ ਉਹ ਹਨ :

ਜਿਨ੍ਹਾਂ ਨੂੰ ਨਿਹੁੰ ਕਰਾਰੀ ਹੋਵੇ, ਬੇਹੀ ਭਾਵੇਂ ਤਾਜ਼ੀ,
ਯਾ ਉਹ ਵਿਚ ਹਕੀਕਤ ਹੋਵਣ, ਯਾ ਵਿਚ ਰਾਹ ਮਜਾਜ਼ੀ।
ਹੰਝੂ ਡੋਲ੍ਹਣ, ਮੂੰਹੋਂ ਨਾ ਬੋਲਣ ਦੇਹੜੇ ਦਰਦ ਹਿਜਰ ਦੇ,
ਸਾਣ ਚੜ੍ਹੇ ਹੋਏ ਖੰਜਰ ਵਾਂਗੂ, ਖੁਭਣ ਵਿਚ ਜਿਗਰ ਦੇ।
ਉਹ ਸ਼ਾਹਿਦ ਹੁੰਦੇ ਕਰ ਕੇ ਬਾਲਣ, ਜਿਨ੍ਹਾਂ ਤਨ ਮਨ ਬਾਲੇ।
ਖੁਸ਼ ਬੈਠਣ, ਖੁਸ਼ ਹਸਣ ਵਾਲੇ, ਨਾ ਉਹ ਲੋਕ ਸੁਖਾਲੇ।[4]

---

1. ਅਬਾਸੀ ਹਾਮਦ ਸ਼ਾਹ, 'ਜੰਗ ਹਾਮਦ' ਅੰਤਿਮਾ ਵਿਚ 1777 ਈ.
2. ਅਬਾਸੀ ਹਾਮਦ ਸ਼ਾਹ, 'ਕਿੱਸਾ ਹੀਰ ਰਾਂਝਾ' ਭੂਮਿਕਾ ਵਿਚ।
3. ਅਹਿਮਦ ਯਾਰ, ਮੌਲਵੀ, 'ਕਿੱਸਾ ਯੂਸਫ਼ ਜ਼ੁਲੇਖਾਂ'
4. ਅਹਿਮਦ ਯਾਰ, ਮੌਲਵੀ, 'ਕਿੱਸਾ ਯੂਸਫ਼ ਜ਼ੁਲੇਖਾਂ'

ਉਸ ਦੀ ਇਹ ਕਸਵੱਟੀ ਠੀਕ ਹੈ ਜਾਂ ਗਲਤ ਪਰ ਇਸ ਉੱਤੇ ਉਸ ਦੀ ਆਪਣੀ ਸਿਰਜਨਾ ਤੇ ਆਲੋਚਨਾ ਦੀ ਨਿਜੀ ਛਾਪ ਲਗੀ ਹੋਈ ਹੈ। ਉਸ ਨੇ ਆਪਣੇ ਸਮਕਾਲੀਆਂ ਤੇ ਪੂਰਬ-ਕਾਲੀਆਂ ਨੂੰ ਇਸੇ ਅਨੁਸਾਰ ਪਰਖਿਆ, ਟੀਕਾ-ਟਿਪਣੀ ਕੀਤੀ ਤੇ ਰਾਵਾਂ ਕਾਇਮ ਕੀਤੀਆਂ। ਜੋ ਕਵੀ ਉਸ ਉੱਤੇ ਪੂਰੇ ਉੱਤਰਦੇ ਰਹੇ, ਉਨ੍ਹਾਂ ਨੂੰ ਉਸ ਨੇ ਰੱਜ ਕੇ ਸਲਾਹਿਆ। ਜਿਵੇਂ, ਪੀਲੂ ਨੂੰ ਉਸ ਨੇ ਇਸੇ ਕਰਕੇ ਵਡਿਆਂਦਿਆਂ ਲਿਖਿਆ :

'ਪੀਲੂ' ਨਾਲ ਨਾ ਰੀਸ ਕਿਸੇ ਦੀ, ਉਸ ਵਿਚ ਸੋਜ਼ ਅਲਹਿਦੀ
ਮਸਤ ਨਿਗਾਹ ਕੀਤੀ ਉਸ ਪਾਸੇ, ਕਿਸੇ ਫਕੀਰ ਵਾਲੀ ਦੀ।[1]

ਇਉਂ ਹੀ ਵਾਰਸ ਸ਼ਾਹ ਵੀ ਉਸ ਦੀ ਦਾਦ ਇਸੇ ਲਈ ਲੈ ਸਕਿਆ ਕਿ ਉਹ ਉਸ ਨੂੰ ਦਰਦ-ਸੋਜ਼ ਯਾ ਮੁਜੱਸਮਾ ਪਰਤੀਤ ਹੋਇਆ।

ਦਰਦ ਸੋਜ਼ ਵਾਲਾ ਉਹ ਬੰਦਾ, ਬਲਿਆ ਸਭਸੁ ਬਹਾਨਾ,
ਪਰ ਜੋ ਫਿਕਰ ਉਸ ਨੇ ਕੀਤਾ, ਕਾਬੂ ਨਹੀਂ ਸੁਜਾਨਾ।[2]

ਇਸ ਦੇ ਉਲਟ, ਜਿਹੜੇ ਕਵੀ ਉਸ ਦੀ ਉਕਤ ਤਕੜੀ ਵਿਚ ਪੂਰੇ ਨਾ ਤੁਲ ਸਕੇ ਉਨ੍ਹਾਂ ਨੂੰ ਉਸ ਨੇ ਮਾਨੋ ਦੋਹਾਂ ਹੱਥੀਂ ਲਿਆ। ਜਿਵੇਂ 'ਕਿੱਸਾ ਯੂਸਫ ਜੁਲੈਖਾ ਬਾਰੇ ਆਪਣੀ ਰਾਏ ਬੜੀ ਬੇਬਾਕੀ ਨਾਲ ਪ੍ਰਗਟ ਕਰਦਿਆਂ ਲਿਖਿਆ :

ਸਦੀਕ ਲਾਲੀ ਯੂਸਫ ਦਾ ਕਿੱਸਾ, ਸਿਰਫ ਤਸੱਵਫ ਰਿਹਾ,
ਕਿੱਸਾ ਖੋਲ੍ਹ ਸੁਣਾਵਣ ਦੇ ਵੱਲੋਂ ਉਸ ਨੂੰ ਫਿਕਰ ਨਾ ਰਿਹਾ।
ਬੈਂਤ ਬਣਾਉਣ ਦੀ ਉਸ ਮੁਢੋਂ, ਮੂਲ ਸਲਾਹ ਵੀ ਕੀਤੀ,
ਨਿੱਕੇ ਮੋਟੇ ਮਾਰੇ ਡੰਗੇ, ਗੱਲ ਦੀ ਕਫਨੀ ਸੀਤੀ।[3]

ਖ਼ੈਰ ! ਹੋਰ ਬਾਰੇ ਤਾਂ ਹੋਰ ਆਲੋਚਕ ਕੁਝ ਨਾ ਕੁਝ ਤਾਂ ਕਹਿ ਹੀ ਲੈਂਦੇ, ਪਰ ਉਸ ਦੀ ਅਸਲ ਅਜ਼ਮਾਇਸ਼ ਉਦੋਂ ਹੁੰਦੀ ਹੈ ਜਦੋਂ ਉਸ ਨੂੰ ਖੁਦ ਆਪਣੇ ਬਾਰੇ ਵਿਚ ਵੀ ਕੁਝ ਕਹਿਣਾ ਜਾਂ ਲਿਖਣਾ ਪੈ ਜਾਏ ਉਸ ਦੀ ਨਿਰਪੱਖਤਾ, ਉਦਾਰਤਾ ਅਤੇ ਤਕਨੀਕ ਦਾ ਅਸਲ ਪ੍ਰਗਟਾਵਾ, ਅਸਲ ਵਿਚ ਉਦੋਂ ਹੀ ਹੁੰਦਾ ਹੈ। ਅਹਿਮਦ ਯਾਰ ਇਸ ਤੋਲ ਉੱਤੇ ਵੀ ਪੂਰਾ ਉਤਰਿਆ ਹੈ। ਹੀਰ ਰਾਂਝੇ ਦੀ ਪ੍ਰੀਤ-ਕਹਾਣੀ ਨੂੰ ਬਿਆਨਦੀ ਆਪਣੀ ਰਚਨਾ ਨੂੰ ਆਪਣੇ ਤੋਂ ਚੋਖਾ ਚਿਰ ਪਹਿਲਾਂ ਹੋ ਗੁਜ਼ਰੇ ਵਾਰਸ ਸ਼ਾਹ ਦੀ ਇਸੇ ਕਹਾਣੀ ਨੂੰ ਕਵਿਤਾਉਂਦੀ ਕਿਰਨ ਨਾਲ ਤੁਲਨਾਉਂਦਿਆਂ ਉਹਨੇ ਬੇਝਿੱਜਕ ਆਖਿਆ।[4]

ਵਾਰਸ ਸ਼ਾਹ ਜੰਡਿਆਲੇ ਵਾਲੇ, ਵਾਹ ਵਾਹ 'ਹੀਰ' ਬਣਾਈ,
ਮੈਂ ਭੀ ਰੀਸ ਉਸੇ ਦੀ ਕਰ ਕੇ, ਲਿਖੀ ਤੋੜ ਨਿਭਾਈ।
(ਪਰ) ਜੋ ਅਟਕਲ ਮਜ਼ਮੂਨ ਬੰਨ੍ਹਣ ਦੀ ਉਸ ਸੋ ਮੈਂ ਨਹੀਂ ਕਾਈ।
ਵੱਡਾ ਤੁਅੱਜਬ ਆਵੇ ਯਾਰੋ ! ਵੇਖ ਉਸ ਦੀ ਵਡਿਆਈ।

---

1. ਉਕਤ
2. ਅਹਿਮਦ ਯਾਰ, ਮੌਲਵੀ, 'ਹੀਰ ਵਾ ਰਾਂਝਾ'
3. ਅਹਿਮਦ ਯਾਰ, ਮੌਲਵੀ, 'ਕਿੱਸਾ ਯੂਸਫ਼ ਜ਼ੁਲੇਖਾਂ' ਉਹੀ
4. ਅਹਿਮਦਯਾਰ, ਮੌਲਵੀ, ਕਿੱਸਾ 'ਹੀਰ ਵਾ ਰਾਂਝਾ', ਅੰਤਿਮਾ।

ਮੈਂ ਕਿੱਸੇ ਲਿਖਦਿਆਂ ਵਰ੍ਹੇ ਪੰਜਾਹ ਸੱਠ, ਆਪਣੀ ਉਮਰ ਲੰਘਾਈ,
ਤੇ ਉਸ ਕਿੱਸਿਆਂ ਵਿਚੋਂ ਇਹੋ, ਇਕੋ 'ਹੀਰ' ਬਣਾਈ
ਕੀ ਆਖਾਂ ਬੋਲੀ ਤਾਂ ਲਗਈ, ਕੀ ਗੱਲ ਢੁਕਦੀ ਆਈ,
'ਅਹਿਮਦਯਾਰ', ਰਹੇ ਉਸ ਜੈਸੀ, ਅਟਕਲ ਮੈਂ ਨਹੀਂ ਆਈ।

ਸ਼ਾਇਦ ਹੀ ਕਿਸੇ ਵਰਤਮਾਨ ਪੰਜਾਬੀ ਆਲੋਚਕ ਨੇ ਵੀ, ਆਪਣੇ ਮੁਕਾਬਲੇ ਤੇ ਲਿਖੀ ਗਈ ਕਿਸੇ ਹੋਰ ਦੀ ਅਜੇਹੀ ਰਚਨਾ ਦੀ ਵਡਿਆਈ ਦਾ ਇਕਬਾਲ ਇਉਂ ਕੀਤਾ ਹੋਵੇ।

ਫਿਰ ਖੂਬੀ ਇਹ ਕਿ ਉਸ ਨੂੰ ਇੰਨਾ ਮਾਣ ਦੇਣ, 'ਸੁਖਨ ਦਾ ਵਾਰਸ' ਕਹਿਣ ਅਤੇ ਉਸ ਦੀ ਸਫਲਤਾ ਦਾ ਭੇਦ ਉਸ ਦੀ 'ਅਟਕਲ' (ਭਾਵ ਹੁਨਰ ਜਾਂ ਕਲਾ) ਨੂੰ ਮੰਨਣ ਦੇ ਬਾਵਜੂਦ, ਜਦੋਂ ਉਸ ਦੇ ਹੁਨਰ ਨੂੰ ਬੇਕਾਬੂ ਹੁੰਦਾ ਵੇਖਿਆ ਤਾਂ ਬੜੀ ਕਲਾ-ਸੂਝ ਤੇ ਦਲੇਰੀ ਤੋਂ ਕੰਮ ਲੈਂਦਿਆਂ ਲਿਖਿਆ :

ਵਾਰਸ ਸ਼ਾਹ ਸੁਖਨ ਦਾ ਵਾਰਸ, ਕਿਤੇ ਨਾ ਅਟਕਿਆ ਵਲਿਆ
(ਪਰ) ਮੰਦਰਾਹੀ ਚੱਕੀ ਵਾਂਗੂੰ, ਉਸ ਨਿੱਕਾ ਮੋਟਾ ਦਲਿਆ।[1]

ਇਉਂ ਅਹਿਮਦਯਾਰ ਵਿਚ ਇਕ ਸਫਲ ਤੇ ਆਦਰਸ਼ਕ ਆਲੋਚਕ ਵਾਲੇ ਬਹੁਤ ਸਾਰੇ ਗੁਣ ਮੌਜੂਦ ਨਜ਼ਰ ਆਉਂਦੇ ਹਨ। ਉਹ ਤਿਖੀ ਅਤੇ ਨਿਰਪੱਖ ਆਲੋਚਨਾ ਦ੍ਰਿਸ਼ਟੀ ਦਾ ਮਾਲਕ ਪ੍ਰਤੀਤ ਹੁੰਦਾ ਹੈ। ਉਹ ਲੇਖਕ ਤੇ ਪਾਠਕ ਦੋਹਾਂ ਨਾਲ ਨਿਆਂ ਕਰਨਾ ਜਾਣਦਾ ਸੀ। ਜਿਥੇ ਉਸ ਵਿਚ ਆਪਣੀ ਰਾਏ ਬਣਾਉਣ ਦੀ ਸਮਰੱਥਾ ਸੀ, ਉਥੇ ਉਸ ਨੂੰ ਪਰਗਟਾਉਣ ਲਈ ਨਿਝੱਕਤਾ ਵੀ ਮੌਜੂਦ ਸੀ। ਇਸੇ ਲਈ ਉਸ ਇਹ ਵੀ ਆਖਿਆ :

ਜਿਤਨੇ ਕਿੱਸੇ ਅਤੇ ਕਿਤਾਬਾਂ, ਉਮਰ ਸਾਰੀ ਮੈਂ ਜੋੜੇ,
ਗਿਣਨ ਲਗਾਂ ਤੇ ਯਾਦ ਨਾ ਆਉਣ, ਜੋ ਦੱਸਾਂ ਸੋ ਥੋੜੇ।
ਪਰ ਇਕ ਸੁਘੜ ਇਕੋ ਗੱਲ ਕਰਕੇ, ਮਨਸਬ ਪਾਵਨ ਦੋੜੇ,
ਦੂਜੇ ਰੀਸ ਨਾ ਕਰਨ ਸੁਣਾਵਣ, ਸੈ ਤਕਰੀਆਂ ਤੋੜੇ।
ਆਪਣੇ ਮੂੰਹੋਂ ਸਲਾਹ, ਨਾ ਸੋਹੇ, ਤਾਰੇ ਤੋੜੇ ਤੋੜੇ ;
ਸੁਖਨ ਜਿਨ੍ਹਾਂ ਦੇ ਲੋਕ ਸਲਾਹੁਣ, ਹੈਨ ਜਗ ਤੇ ਥੋੜ੍ਹੇ।[2]

ਇਸੇ ਲਈ ਉਸ ਨੇ ਆਪਣੇ ਢੋਲ ਆਪੇ ਵਜਾਉਣ ਤੋਂ ਬੜਾ ਸੰਕੋਚ ਕੀਤਾ ਅਤੇ ਉਸ ਦੀ ਆਲੋਚਨਾਤਮਕ ਸੋਝੀ, ਸ਼ੌਕ ਤੇ ਦ੍ਰਿਸ਼ਟੀ ਦੀ ਮਹਾਨਤਾ ਵੀ ਬਾਹਲੀ ਇਸੇ ਗੱਲ ਵਿਚ ਹੈ।

ਕੁਝ ਇਸੇ ਪ੍ਰਕਾਰ ਦੀ ਮਹਾਨਤਾ ਨੂੰ ਮੁੱਖ ਰਖਦਿਆਂ, ਉਸ ਦੇ ਇਕ ਉਘੇ ਸਮਕਾਲੀ, ਸੱਯਦ ਹਾਸਮ ਸ਼ਾਹ (1735-1843) ਨੇ ਆਪਣੇ ਪੂਰਬ-ਕਾਲੀ 'ਕਮਾਲ' ਕਵੀਆਂ ਅਤੇ ਉਨ੍ਹਾਂ ਦੀਆਂ ਉੱਤਮ ਕਿਰਤਾਂ ਨੂੰ ਸਲਾਹੁੰਦਿਆਂ ਆਖਿਆ :

ਸ਼ਾਇਰ ਸ਼ਿਅਰ ਕਰੇਂਦੇ ਆਹੇ, ਨਫਸ ਛੁਰੀ ਮੂੰਹ ਧਰ ਕੇ
ਹਰ ਇਕ ਸੁਖਨ ਲਿਆਵਨ ਬਾਹਰ, ਖੂਨ-ਅਲੂਦਾ ਕਰ ਕੇ।[3]

1. ਅਹਿਮਦਯਾਰ, ਮੌਲਵੀ, ਕਿੱਸਾ 'ਹੀਰ ਵਾ ਰਾਂਝਾ', ਅੰਤਿਮਾ।
2. ਵੇਖੋ : ਕਿੱਸਾ ਹੀਰ ਵਾ ਰਾਂਝਾ ਉਹੀ।
3. ਹਾਸ਼ਮ ਸ਼ਾਹ, ਸਯਦ 'ਕਿੱਸਾ ਸ਼ੀਰੀ ਫਰਹਾਦ', ਭੂਮਿਕਾ ਵਿਚੋਂ

ਇਸੇ ਤਰ੍ਹਾਂ ਉਸੇ ਸਮੇਂ ਤੇ ਕਾਵਿਕ-ਪਾਰਖੂਆਂ ਤੇ ਆਲੋਚਕਾਂ ਦੀ ਕਦਰ-ਸ਼ਨਾਸੀ ਤੇ ਸਾਫ ਦਿਲੀ ਦੀਆਂ ਵੀ ਬਲਾਈਆਂ ਲੈਂਦਿਆਂ ਲਿਖਿਆ :

> ਫਿਰ ਉਹ ਦਸਤ ਸਰਾਫਾਂ ਪੈਂਦੇ, ਹੀਰੇ ਸੁਖਨ-ਪਰੋਤੇ ;
> ਉਹ ਸਰਾਫ ਜਿਨ੍ਹਾਂ ਹਥ ਆਪਣੇ, ਜਾਣ ਜਹਾਨੋਂ ਧੋਤੇ।

ਇਹ ਕੁਝ ਉਸ ਸੂਫੀ ਸ਼ਾਇਰ ਨੇ ਲਿਖਿਆ ਹੈ ਜਿਸ ਦੀ ਹਲੀਮੀ ਤੇ ਨੇਕ ਨੀਤੀ ਉਸ ਦੇ ਸ਼ਾਹਕਾਰ 'ਸੱਸੀ ਪੁਨੂ' ਦੇ ਮੁਢਲੇ ਬੰਦ ਤੋਂ ਹੀ ਜਾਣੀ ਜਾ ਸਕਦੀ ਹੈ :

> ਹੁਸਨ ਕਲਾਮ ਜੋ ਸ਼ਾਇਰ ਕਰਦੇ, ਸੁਖਨ ਨਾ ਸਾਥੀ ਆਇਆ;
> ਜਿਹਾ ਕੁ ਅਕਲ ਸ਼ਊਰ ਆਸਾਡਾ, ਅਸਾਂ ਭੀ ਆਖ ਸੁਣਾਇਆ।
> ਸੁਣ ਸੁਣ ਹੋਤ ਸੱਸੀ ਦੀਆਂ ਬਾਤਾਂ, ਕਾਮਲ ਇਸ਼ਕ ਕਮਾਇਆ,
> 'ਹਾਸ਼ਮ' ਜੋਸ਼ ਤਬੀਅਤ ਕੀਤਾ, ਵਹਿਮ ਉੱਤੇ ਵਲ ਆਇਆ।[4]

ਅਤੇ ਜਿਸ ਨੇ ਆਪਣੀ ਸਮੁੱਚੀ ਰਚਨਾ ਦੀ ਮੂਲ ਪ੍ਰੇਰਨਾ ਅਜਿਹੇ 'ਕਾਮਲ ਇਸ਼ਕ' ਤੋਂ ਹੀ ਮਿਲੀ ਦੱਸੀ ਹੈ ਅਤੇ ਜਿਸ ਦਾ ਮੁੱਖ ਮੰਤਵ ਆਪਣੀਆਂ ਕਿਰਤਾਂ ਨੂੰ ਆਰੰਭਦਿਆਂ ਹੀ ਆਪੇ ਇਉਂ ਕਾਨੀਬੰਦ ਕਰ ਦਿੱਤਾ ਹੈ :

> ਜਦ ਇਹ ਸ਼ਾਨ ਮੁਰਾਦ ਇਸ਼ਕ ਦੀ, ਮੈਂ ਕਰ ਖਿਆਲ ਪਛਾਤੀ,
> ਦਰਦਮੰਦ ਦੀ ਸਿਫਤ ਮੁਹੱਬਤ, ਫਰਜ ਸਹੀ ਕਰ ਜਾਤੀ।[5]

ਆਪਣੇ ਵਿਸ਼ੇ-ਵਸਤੂ ਦੀ ਅਜਿਹੀ ਭਰਪੂਰ ਸ੍ਵੈ-ਚੇਤੰਨਤਾ ਤੇ ਕਲਾ ਪੂਰਬਕ ਨਿਭਾਹ ਵਿਚ ਹਾਸ਼ਮ ਦੀ ਵਿੱਲਖਣਤਾ ਹੈ। ਫਿਰ ਖੂਬੀ ਇਹ ਕਿ ਉਸ ਗੱਲ ਦਾ ਵੀ ਗਿਆਨ ਤੇ ਅਹਿਸਾਸ ਸੀ ਕਿ ਅਜਿਹੀ ਦਰਦ ਸ਼ੋਜ ਵਾਲੀ ਕਵਿਤਾ ਵਿਚ ਲੰਮੇ ਲੋੜਾਂ ਤੇ ਵਾਧੂ ਵਿਸਥਾਰ ਦੀ ਗੁੰਜਾਇਸ਼ ਨਹੀਂ ਹੁੰਦੀ। ਇਸ ਲਈ ਹੀਰ ਦੀ ਬਿਰਤੀ ਲਿਖਣ ਲਗਿਆਂ, ਅਜਿਹੀ ਆਲੋਚਨਾਤਮਕ ਸੂਝ ਤੋਂ ਕੰਮ ਲੈਂਦਿਆਂ ਉਨ੍ਹਾਂ ਆਖਿਆ :

> ਬੇ ਬਹੁਤ ਹਕਾਇਤਾਂ ਛੋਡ ਕੇ ਮੈਂ
> ਰੰਗ ਰਸ ਦੀ ਥੋੜ੍ਹੀ ਹੈ ਬਾਤ ਜੋੜੀ,
> ਕਿਸਾ ਬਹੁਤ ਬੇਦਰਦ ਦਾ ਕੁਝ ਨਾਹੀ,
> ਦਰਦਮੰਦ ਦੀ ਮਾਰਦੀ ਦਾਤ ਥੋਵੀ।[1]

ਹਾਸ਼ਮ ਦੇ ਇਕ ਵਿਦਵਾਨ ਮਗਰਲੇ ਕਵੀ ਆਲੋਚਕ, ਮੀਆਂ ਮੁਹੰਮਦ ਬਖਸ਼ (1829–1909) ਨੇ ਇਨ੍ਹਾਂ ਹੀ ਦੋ ਗੁਣਾਂ ਨੂੰ ਅਸਲ ਕਵਿਤਾ ਦੀ ਮੁੱਖ ਪਛਾਣ ਦੱਸਿਆ।

ਮੀਆਂ ਸਾਹਿਬ ਇਕ ਲੋਕ-ਪ੍ਰਿਯ ਕਵੀ ਹੋਣ ਤੋਂ ਛੁੱਟ, ਸਿਆਣੇ ਸਮਾਲੋਚਕ ਵੀ ਸਨ। ਉਨ੍ਹਾਂ ਦੀ 'ਸੈਫੁਲ ਮਲੂਕ' (1862 ਈ.) ਜੋ ਪੰਜਾਬੀ ਕਵਿਤਾ ਦੀ ਇਕ ਸ਼ਾਹਕਾਰ ਕਿਰਤ ਹੈ, ਤੇ ਉਸ ਦੀ ਆਦਿਕਾ ਤੇ ਅੰਤਿਕਾ ਪੰਜਾਬੀ ਸਮਾਲੋਚਨਾ ਦੇ ਇਤਿਹਾਸ ਵਿਚ ਇਕ ਮੀਲ ਪੱਥਰ ਹੈ। ਪੰਜਾਬੀ ਪਰਖ-ਪੜਚੋਲ ਨੇ ਮੀਆਂ ਸਾਹਿਬ ਦੇ ਪ੍ਰਵੇਸ਼ ਨਾਲ, ਨਿਸ਼ਚੇ ਹੀ ਇਕ ਕਵੀ ਤੇ ਯਾਦਗਾਰੀ ਪਲਾਂਘ ਪੁੱਟੀ। ਉਨ੍ਹਾਂ ਨੇ ਬਹੁਤ ਸਾਰੇ ਸਮਕਾਲੀ ਤੇ ਪੂਰਬ ਕਾਲੀ ਕਵੀਆਂ ਦੀ ਕਵਿਤਾ ਨੂੰ ਵਸਤੂ ਤੇ ਰੂਪ ਦੋਹਾਂ ਪੱਖਾਂ ਤੋਂ ਬੜੀ ਤੀਬਰ

---

4. ਹਾਸ਼ਮ ਸ਼ਾਹ, ਸਯਦ 'ਕਿੱਸਾ ਸੱਸੀ ਪੁਨੂੰ', ਭੂਮਿਕਾ ਵਿਚੋਂ
5. ਹਾਸ਼ਮ ਸ਼ਾਹ, ਸਯਦ 'ਕਿੱਸਾ ਸੋਹਣੀ ਮਹੀਂਵਾਲ', ਭੂਮਿਕਾ ਵਿਚੋਂ

ਰੀਝ ਤੇ ਤੀਖਣ ਨੀਝ ਨਾਲ ਜੋਖਿਆ, ਪਰਖਿਆ ਤੇ ਪੜਚੋਲਿਆ ਜਾਪਦਾ ਹੈ।

ਉਨ੍ਹਾਂ ਨੇ ਵੀ ਅਹਿਮਦਯਾਰ ਵਾਂਗ ਇਕ ਪਰਖ-ਕਸੌਟੀ ਮਿਥ ਲਈ ਅਤੇ ਦੱਸਿਆ ਕਿ ਚੰਗੀ ਕਵਿਤਾ ਉਹੀ ਹੈ ਜੋ ਦਰਦ ਸੋਜ਼ ਨਾਲ ਭਰੀ-ਪਰੋਖੀ ਹੋਵੇ :

ਸੁਖ਼ਨ ਭਲਾ ਜੋ ਦਰਦੋਂ ਭਰਿਆ, ਬਿਨ ਦਰਦੋਂ, ਕੁਝ ਨਾਹੀ,
ਨੜਾ ਕਮਾਦਾਂ ਫਰਕ ਰਹੂ ਦਾ, ਕਿਆ ਕਾਨੀ ਕਿਹਾ ਕਾਹੀ।

ਨਾਲੇ ਜਿਸ ਦਾ ਦੂਜਾ ਲੱਛਣ ਕਲਾਮਈ ਸੰਜਮ ਤੇ ਸੁਹਜਮਈ ਸੰਕੋਚ ਹੋਵੇ।

ਮੁਖਤਸਰ ਕਲਾਮ ਉਨ੍ਹਾਂ ਦੀ, ਦਰਦੋਂ ਭੁਜੀ ਬੋਟੀ,
ਦਰਦ ਹੋਇਆ ਤਾਂ ਸਭ ਕੁਝ ਹੋਇਆ, ਕਿਆ ਲੰਮੀ ਕਿਆ ਛੋਟੀ[2]

ਇਸ ਤੋਂ ਛੁੱਟ, ਉਹ ਗੁੱਝੀਆਂ ਰਮਜ਼ਾਂ ਤੇ ਕਲਾ-ਕੁਸ਼ਲਤਾ ਦਾ ਵੀ ਧਾਰਨੀ ਹੋਵੇ ਤੇ ਜੇ ਕੋਈ ਕਵੀ ਆਪਣੀ ਕਾਵਿ-ਕਿਰਤ ਵਿਚ ਅਜਿਹੇ ਗੁਣ ਪਾ ਸਕਣ ਦੇ ਸਮਰੱਥ ਨਹੀਂ ਤਾਂ ਉਸ ਲਈ ਕੱਚ-ਪਿੱਲੀ ਤੇ ਫਿੱਕੀ-ਫੋਕੀ ਰਚਨਾ ਕਰਨ ਨਾਲੋਂ ਉਪ ਸਾਧ ਲੈਣੀ ਬਿਹਤਰ ਹੈ ਜਿਵੇਂ :

1. ਜਿਸ ਵਿਚ ਗੁੱਝੀ ਰਮਜ਼ ਨ ਹੋਵੇ, ਦਰਦਮੰਦਾਂ ਦੇ ਨਾਲੋਂ।
ਬਿਹਤਰ ਚੁਪ 'ਮੁਹੰਮਦ ਬਖਸ਼' ਸੁਖਨਾ ਅਜਿਹੇ ਨਾਲੋਂ[3]
2. ਰਦੀ ਰਦੀਫੋਂ ਨਾਮ ਨਾ ਜਾਣਨ, ਕਾਫੀਉਂ ਬੁਧ ਨਾ ਕਾਈ,
ਵਜ਼ਨ ਬਰਾਬਰ ਟੁਟਦਾ ਜੁੜਦਾ, ਸਾ ਅੱਤ ਰਸਮ ਨਾ ਕਾਈ।[4]

ਮੀਆਂ ਮੁਹੰਮਦ ਬਖਸ਼ ਨੇ ਆਪਣਾ ਕਾਵਿ ਸਿਧਾਂਤ ਇਉਂ ਬੜੇ ਸਪਸ਼ਟ ਸ਼ਬਦਾਂ ਵਿਚ ਪੇਸ਼ ਕਰ ਕੇ, ਪੰਜਾਬੀ ਕਵਿਤਾ ਦੇ ਰੂਪਕ ਪੱਖ ਦੀ ਆਲੋਚਨਾ ਦੀ ਨੀਂਹ ਵੀ ਧਰ ਦਿੱਤੀ ਅਤੇ ਇਸ ਦੇ ਖੇਤਰ ਨੂੰ ਵੀ ਹੋਰ ਮੋਕਲਾ ਕਰ ਦਿੱਤਾ। ਪਰ ਦੂਜੇ ਪਾਸੇ ਵਿਸ਼ੇ-ਵਸਤੂ ਦੀ ਮਹੱਤਤਾ ਨੂੰ ਵੀ ਉਸ ਨੇ ਅਖੋਂ ਉਹਲੇ ਨਹੀਂ ਹੋਣ ਦਿੱਤਾ। ਇਸ ਨੂੰ ਸਗੋਂ ਵਧੇਰੇ ਉਜਾਗਰ ਤੇ ਸਪਸ਼ਟ ਕਰਕੇ ਲਿਖਿਆ। ਜਿਵੇਂ :

1. ਦਰਦਮੰਦਾਂ ਦੇ ਸੁਖਨ ਮੁਹੰਮਦ, ਦੇਣ ਗਵਾਹੀ ਹਾਲੇ,
ਜਿਸ ਪੱਲੇ ਫੁਲ ਬੱਧੇ ਹੋਵਣ, ਆਵੇ ਬੂ ਰਮਾਲੋਂ[5]
2. ਦਾਨਸ਼ਮੰਦ ਪਛਾਣ ਕਰੇਂਦੇ, ਆਮਾ ਸਾਰ ਨਾ ਭਾਈ,
ਲੜਹਾਰੇ ਲੈਣ ਬਜਾਰੋਂ, ਜੋ ਸਸਤੀ ਮਠਿਆਈ।

ਮੀਆਂ ਮੁਹੰਮਦ ਬਖਸ਼ ਨੇ ਸੱਯਦ ਹਾਸ਼ਮ ਸ਼ਾਹ ਵਾਂਗ ਕਦਰ-ਸ਼ਨਾਸੀ ਤੇ ਸੁਖਨ-ਸ਼ਨਾਸੀ ਦੀ ਅਣਹੋਂਦ ਸਬੰਧੀ ਵੀ ਸ਼ਿਕਾਇਤ ਕੀਤੀ ਅਤੇ ਲਿਖਿਆ :

ਹਰ ਹਰ ਇਕ ਬਣਾਵੇ ਸ਼ੀਸਾ ਮਾਰ ਵੱਟਾ ਇਕ ਭੰਨਦੇ
ਦੁਨੀਆਂ ਉੱਤੇ ਥੋੜੇ ਰਹਿੰਦੇ, ਕਦਰਸ਼ਨਾਸ ਸੁਖਨ ਦੇ।

ਇਸੇ ਲਈ ਉਸ ਨੇ ਸ਼ੁਰੂ ਵਿਚ ਹੀ ਪਾਠਕਾਂ ਤੇ ਪਾਰਖੂਆਂ ਨੂੰ ਬੜੀ ਹਲੀਮੀ ਨਾਲ ਬੇਨਤੀ ਕਰਦਿਆਂ ਆਖਿਆ :

---

1. ਹਾਸ਼ਮ ਸ਼ਾਹ, ਸਯਦ 'ਕਿੱਸਾ ਹੀਰ-ਰਾਂਝੇ' ਦੀ ਲਿਖਤੀ, ਭੂਮਿਕਾ ਵਿਚੋਂ।
2. ਮੁਹੰਮਦ ਬਖਸ਼, ਮੀਆਂ, 'ਸੈਫੁਲ ਵਾ ਬਦੀਉਲ ਜਮਾ', ਆਦਿਕਾ ਵਿਚੋਂ
3. ਮੁਹੰਮਦ ਬਖਸ਼, ਮੀਆਂ, 'ਸੈਫੁਲ ਮਲੂਕ ਵਾ ਬਦੀਉਲ ਜਮਾਲ', ਆਦਿਕਾ ਵਿਚੋਂ
4. ਮੁਹੰਮਦ ਬਖਸ਼, ਮੀਆਂ, 'ਸੈਫੁਲ ਮਲੂਕ ਵਾ ਬਦੀਉਲ ਜਮਾਲ', ਆਦਿਕਾ ਵਿਚੋਂ
5. ਮੁਹੰਮਦ ਬਖਸ਼, ਮੀਆਂ, 'ਸੈਫੁਲ ਮਲੂਕ ਵਾ ਬਦੀਉਲ ਜਮਾਲ', ਆਦਿਕਾ ਤੇ ਅੰਤਿਕਾ ਵਿਚੋਂ।

ਦਾਨਸ਼ਮੰਦੋ ! ਸੁਣੋ ਤਮਾਮ, ਅਰਜ਼ ਫਕੀਰ ਕਰੇਂਦਾ,
ਆਪੋ ਚੰਗਾ ਜੇ ਕੋਈ ਹੋਵੇ, ਹਰ ਨੂੰ ਭਲਾ ਤਕੇਂਦਾ।
ਤਕ ਤਕ ਐਬ ਕਢਦੇ ਦਾਨੇ, ਚੰਗੇ ਲੋਕ ਕਦਾਹੀ,
ਨੁਕਤਾਚੀਨੀ, ਫਿਤਨਾ ਸੋਜ਼ੀ, ਭਲਿਆਂ ਦਾ ਕੰਮ ਨਾਹੀਂ।......
ਮੇਰੇ ਨਾਲੋਂ ਹਰ ਕੋਈ ਬਿਹਤਰ, ਮੈਂ ਹੀ ਨੀਚ ਇਆਣਾ,
ਥੋੜਾ ਬਹੁਤ ਸ਼ਿਅਰ ਦਾ, ਘਾਟਾ ਵਾਧਾ ਜਾਣਾ।

ਇਸ ਲਈ ਉਸ ਨੇ ਆਪਣੀ ਸਮਾਲੋਚਨਾ ਨੂੰ ਪ੍ਰਸੰਸ਼ਾਤਮਕ ਹੀ ਰਖਿਆ। ਉਸ ਨੇ ਅਹਿਮਦ ਯਾਰ ਨੂੰ ਇਕ ਆਲੋਚਨਾ ਤੇ ਨੁਕਤਾਚੀਨ ਮੰਨ ਕੇ, ਆਪਣੀ ਸਮਾਲੋਚਕ ਨੀਤੀ ਇਉਂ ਪਰਗਟ ਕੀਤੀ :

ਜਿਥੇ ਜਿਥੇ ਘਾਟਾ ਵਾਧਾ, ਜੇ ਮੈਂ ਉਂਗਲ ਧਰਦਾਂ,
ਅਹਿਮਦ ਯਾਰ ਮੁਸਨਰ ਵਾਂਗਰ, ਨ ਕੋਈ ਮੁਅਲਮ ਅਕਰਦਾ।
ਪਰਦਾਪੋਸ਼ੀ ਕੰਮ ਫੱਕਰ ਦਾ ਮੈਂ ਤਾਲਿਬ ਫੁਕਰਾਵਾਂ,
ਐਬ ਕਿਸੇ ਦੇ ਫਲ ਨਾ ਸਕਾਂ, ਹਰ ਇਕ ਥੀ ਸ਼ਰਮਾਵਾਂ।
ਥੋੜੀ ਬਹੁਤੀ ਤੁਹਮਤ ਕੋਲੋਂ, ਕੌਣ ਕੋਈ ਬਚ ਰਹਿੰਦਾ,
ਪਰ ਮੈਂ ਆਪੂੰ ਔਗਣਹਾਰਾ, ਦੂਸਰਿਆਂ ਨਹੀਂ ਕਹਿੰਦਾ।
ਜਿਸ ਨੂੰ ਇਸ਼ਕ ਕਿਸੇ ਦਾ ਹੋਵੇ, ਉਸ ਦੇ ਐਬ ਨ ਦਿਸਦੇ,
ਸੁਖਨਾਂ ਦੇ ਜੋ ਆਸ਼ਿਕ ਬੰਦੇ, ਐਬ ਨਾ ਢੂੰਡ ਇਸਦੇ।

ਮੁਹੰਮਦ ਬਖਸ਼ ਨੇ ਅਗੇਰੇ ਜਾ ਕੇ ਪ੍ਰਸਿੱਧ ਪੰਜਾਬੀ ਕਵੀਆਂ ਬਾਰੇ ਜੋ ਟੀਕਾ ਟਿੱਪਣੀ ਕੀਤੀ ਹੈ। ਉਸ ਦਾ ਮੁੱਖ ਆਧਾਰ ਉਸ ਦੀ ਉਕਤ ਰੁਚੀ, ਨੀਤੀ ਤੇ ਵਿਚਾਰ ਹੀ ਹਨ। ਉਸ ਨੇ ਸ਼ੇਖ ਫ਼ਰੀਦ ਤੋਂ ਲੈ ਕੇ ਆਪਣੇ ਸਮੇਂ ਤੱਕ ਦੇ ਦਰਜਨਾਂ ਕਵੀਆਂ ਨੂੰ ਆਪਣੇ ਆਲੋਚਨਾਤਮਕ ਕਲੇਵਰ ਵਿਚ ਲਿਆ ਖਲ੍ਹਾਰਿਆ ਹੈ। ਉਸ ਤੋਂ ਪਹਿਲਾਂ ਕਿਸੇ ਵੀ ਆਲੋਚਕ ਨੇ ਆਪਣੀ ਕਿਸੇ ਵੀ ਕਿਰਤ ਵਿਚ ਇਨੇ ਪੰਜਾਬੀ ਕਵੀਆਂ ਜਾਂ ਲੇਖਕਾਂ ਦਾ ਜ਼ਿਕਰ ਨਹੀਂ ਕੀਤਾ। ਕਈਆਂ ਦੇ ਨਾਂ-ਪਤੇ ਹੀ ਸਾਨੂੰ ਮੁਹੰਮਦ ਬਖਸ਼ ਦੀ ਇਸ ਆਲੋਚਨਾ ਰਾਹੀਂ ਹੀ ਪਤਾ ਲਗੇ ਹਨ। ਪੰਜਾਬੀ ਸ਼ਾਇਰਾਂ ਦਾ ਇਹ, ਤਜ਼ਰਬਾ, ਸ਼ੁਰੂ ਕਰਦਿਆਂ, ਉਸ ਨੇ ਲਿਖਿਆ ਹੈ :-

ਸ਼ਾਇਰ ਬਹੁਤ ਪੰਜਾਬ ਜਿਮੀਂ ਦੇ, ਹੋਏ ਦਾਨਸ਼ ਵਾਲੇ,
ਕਾਫੀ ਬਾਰਾਂਮਾਂਹ ਜਿਨ੍ਹਾਂ ਦੇ ਦੋਹਰੇ ਬੈਂਤ ਉਜਾਲੇ।

ਉਪਰੰਤ ਉਹ ਵੱਖ-ਵੱਖ ਕਵੀਆਂ ਦੇ ਨਾਂ ਲੈ ਲੈ ਕੇ ਆਪਣੀਆਂ ਰਾਵਾਂ ਪਰਗਟ ਕਰਦਾ ਗਿਆ ਹੈ। ਉਸ ਨੇ ਸਭ ਤੋਂ ਪਹਿਲਾਂ ਆਦਿ-ਕਵੀ ਬਾਬਾ ਸ਼ੇਖ ਫਰੀਦ ਦਾ ਜ਼ਿਕਰ ਕੀਤਾ ਹੈ ਅਤੇ ਮੰਨਿਆ ਹੈ :

ਅਵਲ 'ਸ਼ੇਖ ਫ਼ਰੀਦ ਸ਼ਕਰਗੰਜ', ਆਰਿਫ ਅਹਿਲ ਵਲਾਇਤ,
ਹਿਕਹਿਕ ਸੁਖਨ ਜ਼ਬਾਨ ਉਹਦੀ ਦਾ, ਰਹਿਬਰ ਰਾਹ ਹਦਾਇਤ।

ਉਸ ਦੀ ਉਕਤ ਸੂਚੀ ਵਿਚ ਸ਼ਾਮਲ ਕਵੀ, ਅਹਿਮਦਯਾਰ ਦੀ ਸੂਚੀ ਵਾਂਗ ਨਿਰਸੰਦੇਹ ਕੇਵਲ ਮੁਸਲਮਾਨ ਹੀ ਹਨ। ਪਰ ਫਰਕ ਇਹ ਹੈ ਕਿ ਇਸ ਵਿਚ ਕੇਵਲ ਕਿੱਸਾਕਾਰ ਨਹੀਂ ਸੂਫੀ ਸਾਹਿਤਕਾਰ ਵੀ ਸ਼ਾਮਲ

ਹਨ। ਉਨ੍ਹਾਂ ਵਿਚੋਂ ਪਰਮੁੱਖ ਕਵੀਆਂ ਬਾਰੇ ਉਸ ਦੇ ਵਿਚਾਰ ਵੰਨਗੀ ਵਜੋਂ ਨਿਮਨਲਿਖਤ ਹਨ :

1. 'ਬੁਲੇਸ਼ਾਹ' ਦੀ ਕਾਫੀ ਸੁਣ ਕੇ, ਤਰੁਟਦਾ ਕੁਫਰ ਅੰਦਰ ਦਾ,<br>ਵਹਿਦਤ ਤੇ ਦਰਿਆ ਦੇ ਅੰਦਰ, ਉਹ ਭੀ ਦੁਨੀਆਂ ਤਰਦਾ।
2. 'ਮੁਕਬਲ' ਦੀ ਗੱਲ ਸਿਧੀ ਸਾਦੀ; ਹੈ ਮਕਬੂਲ ਪਿਆਰੀ,<br>ਲਫਜ ਥੋੜੇ ਤੇ ਮੈਅਨੇ ਬਹੁਤੇ, ਯਾਦ ਰੱਖਣ ਦੀ ਕਾਰੀ।
3. ਮੀਆਂ ਇਹ 'ਇਮਾਮ ਬਖਸ਼ ਸੀ, ਰਹਿੰਦਾ ਪਸੀਆਂ ਵਾਲੇ,<br>ਸ਼ਿਅਰ ਉਹਦਾ ਵੀ ਵਾਂਗ ਸਕੂਣੇ, ਮਲ ਦਿਲਾਂ ਥੋਂ ਟਾਲੇ।[1]

ਜਿਥੋਂ ਤੱਕ ਤੁਲਨਾਤਮਕ ਆਲੋਚਨਾ ਤੇ ਸਵੈ-ਪੜਚੋਲ ਦਾ ਸੰਬੰਧ ਹੈ, ਮੀਆਂ ਮੁਹੰਮਦ ਬਖਸ਼ ਨੇ ਉਸ ਦੀ ਵੀ ਇਕ ਚੰਗੀ ਤੇ ਨਿਰਪੱਖ ਮਿਸਾਲ ਕਾਇਮ ਕੀਤੀ ਹੈ। ਇਕ ਥਾਂ ਲਿਖਿਆ ਹੈ :

ਗੁਜਰ ਅੰਦਰ ਦੋਹਰਾਂ ਵਾਲੇ, ਮਰਦ ਹੋਇਆ ਕੋਈ ਅਗੇ,<br>ਉਸ ਭੀ ਨਾਂ 'ਮੁਹੰਮਦ' ਆਹਾ, ਲਗਾ ਉਸ ਉਮਰਾਗੇ।<br>ਥੋੜੇ ਜਹੇ ਬੈਂਤ ਬਣਾਇ ਉਸ, ਸਤੇ ਦਰਦ ਜਗਾਂਦੇ,<br>ਸਾਗ ਗਜਬ ਦੀ ਵਾਂਗ ਮੁਹੰਮਦ, ਸਲ ਕਲੇਜੇ ਜਾਂਦੇ।<br>ਮੇਰੇ ਉਸ ਦੇ ਬੈਂਤ ਨਾ ਰਲਦੇ, ਜੇਕਰ ਸਮਝੋ ਭਾਈ,<br>ਇਨ੍ਹਾਂ ਅੰਦਰ ਸਨੱਅਤ ਡੂੰਘੀ, ਉਨ੍ਹਾਂ ਵਿਚ ਸਫਾਈ।

ਅਜਿਹੇ ਨਿਰਪੱਖ ਤੇ ਵਿਆਪਕ ਰਵਾਂ, ਰੋਚਕ ਤੇ ਆਲੋਚਨਾਤਮਕ ਬਿਆਨ ਵਿਚ ਪੰਜਾਬੀ ਆਲੋਚਨਾ ਨੇ, ਨਿਸ਼ਚੇ ਹੀ ਨਵੀਆਂ ਸਿਖਰਾਂ ਛੋਹੀਆਂ।

ਜਦੋਂ ਸੱਯਦ ਫਜ਼ਲ ਸ਼ਾਹ (1827-1890) ਮੈਦਾਨ ਵਿਚ ਨਿੱਤਰਿਆ, ਉਦੋਂ ਉਹ ਵੀ ਇਸੇ ਪਹੇ ਤੁਰਨ ਲੱਗ ਪਿਆ। ਆਪਣੀ ਮੁਢਲੀ ਤੇ ਲੋਕ-ਪ੍ਰਿਯ ਰਚਨਾ ਵਿਚ ਉਸ ਨੇ ਵੀ ਹਾਸ਼ਮ ਸ਼ਾਹ, ਅਹਿਮਦਯਾਰ ਤੇ ਮੁਹੰਮਦ ਬਖਸ਼ ਦੀ ਹੇਕ ਨਾਲ ਹੀ ਇਕ ਸੁਰ ਹੋ ਕੇ ਆਖਿਆ :

ਗੱਲ ਦਰਦ ਦੇ ਨਾਲ ਹੀ ਗਰਜ਼ ਮੈਨੂੰ ;<br>ਕੀਤਾ ਤੁਲ ਨਾ ਜਿਵੇਂ ਵਧਾਂਵਦੇ ਜੀ।<br>'ਫਜ਼ਲ ਸ਼ਾਹ' ਇਨ੍ਹਾਂ ਦੜਾਂ ਸ਼ਿਅਰ ਕਿਹਾ,<br>ਜਿਹੜੇ ਸ਼ਿਅਰ ਬੇਦਰਦ ਅਲਾਂਵਦੇ ਜੀ।[2]

ਪਰ ਉਹ ਛੇਤੀ ਹੀ ਪਿਛੋਂ, ਰੂਪਕ ਪੱਖ ਵੱਲ ਵਧੇਰੇ ਪਰੇਰਤ ਹੋ ਗਿਆ। ਉਸ ਦੇ 'ਸ਼ਬਦ-ਕਲੋਲਾਂ', ਤੇ ਸਨਅਤੀ ਚਲਾਕੀਆਂ, ਨੇ ਸਾਡੀ ਆਲੋਚਨਾ ਦੀ 'ਵਸਤੂ' ਵੀ ਭਾਂਡੇ ਵਲ ਲੋੜ ਤੋਂ ਵੱਧ, ਮੋੜ ਦਿੱਤੀ। ਚੰਗੀ ਕਵਿਤਾ ਦਾ ਮਾਪ ਹੁਣ ਦਰਦ-ਸੋਜ਼' ਦੀ ਥਾਂ ਲਫਜੀ ਹੇਰਾਫੇਰੀਆਂ ਦੀ ਈਨ ਵੀ ਮੰਨਣ ਲੱਗ ਪਿਆ।

ਫ਼ਜ਼ਲ ਸ਼ਾਹ ਤੋਂ ਪਹਿਲਾਂ ਦੀ ਆਲੋਚਨਾ ਬਾਹਲੀ ਤਾਂ ਵਿਆਖਿਆ, ਪ੍ਰਸੰਸਾ ਤੇ ਟੀਕਾ ਟਿੱਪਣੀ

---

1. ਫਜ਼ਲ ਸ਼ਾਹ, ਸੱਯਦ, 'ਕਿੱਸਾ ਸੋਹਣੀ ਮਹੀਵਾਲ', ਲਾਹੌਰ - 1848.
2. ਮੁਹੰਮਦ ਬਖਸ਼, ਮੀਆਂ, ਸੈਫੁਲ ਵਾਂ ਬਦੀਉਲ ਜਮਾਲ', ਆਦਿਕਾ ਤੇ ਅੰਤਿਕਾ ਵਿਚੋਂ

ਵਿਚ ਹੀ ਵਿਚਰਦੀ ਰਹੀ ਸੀ। ਫ਼ਜ਼ਲ ਸ਼ਾਹ ਨੇ ਉਸ ਵਿਚ ਈਰਖਾ, ਦ੍ਵੈਖ ਤੇ ਨਿੰਦਾ ਦਾ ਅੰਸ਼ ਵੀ ਪਾ ਦਿੱਤਾ। ਉਸ ਨੇ ਵਾਰਸ ਸ਼ਾਹ ਉੱਤੇ ਚੋਟ ਕਰਦਿਆਂ ਲਿਖਿਆ :

ਵਾਰਸ਼ ਸ਼ਾਹ ਹਸਾਇਆ ਜਗ ਆਮਾਂ ਖਾਸਾ,
ਤੁਸਾਂ ਰੁਆਉਣਾ ਜਾਰ ਮਿਆਰੇ।
ਹਸਣ ਵਾਲਿਆਂ ਨੂੰ ਹੱਸਣ ਲੋਕ ਸਾਰੇ,
ਅਤੇ ਰੋਦਿਆਂ ਕਰਨ ਪਿਆਰੇ ਪਿਆਰੇ।

ਪੰਜਾਬੀ ਆਲੋਚਨਾ ਦੀ ਹੋਂਦ ਵਿਧੀ ਵਿਚ ਮਿਲਦੀਆਂ ਟੀਕਾ ਟਿੱਪਣੀਆਂ ਨੂੰ ਠੋਸ ਰੂਪ ਵਿਚ ਆਲੋਚਨਾ ਨਹੀਂ ਕਿਹਾ ਜਾ ਸਕਦਾ। ਪਰੰਤੂ, ਪੰਜਾਬੀ ਆਲੋਚਨਾ ਦਾ ਆਰੰਭ ਕਿਹੋ ਜਿਹਾ ਸੀ, ਸਿਰਜਣਾ ਅਤੇ ਸਮੀਖਿਆ ਆਪਸ ਵਿਚ ਰਲਗੱਡ ਕਿਸ ਤਰ੍ਹਾਂ ਸਨ। ਇਸ ਦੀ ਸਮਝ ਲਈ ਪੰਜਾਬੀ ਦੇ ਸਿਰਜਣਾਤਮਕ ਸਾਹਿਤ ਵਿਚ ਪਈ ਆਲੋਚਨਾ ਦੀ ਹੋਂਦ ਵਿਚ ਵਿਧੀ ਸਮਝਣੀ ਜ਼ਰੂਰੀ ਹੋ ਜਾਂਦੀ ਹੈ।

## ਅਭਿਆਸ ਲਈ ਪ੍ਰਸ਼ਨ

1. ਪੰਜਾਬੀ ਆਲੋਚਨਾ ਦੇ ਆਰੰਭ ਸੰਬੰਧੀ ਚਰਚਾ ਕਰੋ।
2. ਕਿੱਸਾ-ਕਾਵਿ ਵਿਚ ਦਿੱਤੀਆਂ ਹੋਈਆਂ ਟਿੱਪਣੀਆਂ ਨੂੰ ਆਲੋਚਨਾ ਆਖਿਆ ਜਾ ਸਕਦਾ ਹੈ। ਸਪਸ਼ਟ ਕਰੋ।
3. ਮੁੱਢਲੀ ਪੰਜਾਬੀ ਆਲੋਚਨਾ ਦੇ ਕ੍ਰਮਕ ਵਿਕਾਸ ਤੇ ਨੋਟ ਲਿਖੋ।

**ਪਾਠ ਨੰਬਰ : 2.1 (ਏ)**

## ਡਾ. ਮੋਹਨ ਸਿੰਘ ਦੀਵਾਨਾ

ਡਾ. ਮੋਹਨ ਸਿੰਘ ਦੀਵਾਨਾ ਮੁੱਢਲੇ ਦੌਰ ਦੇ ਸਮਰੱਥ ਵਿਦਵਾਨ, ਖੋਜੀ, ਦਾਰਸ਼ਨਿਕ ਚਿੰਤਕ, ਸਮਾਲੋਚਕ ਅਤੇ ਇਤਿਹਾਸਕਾਰ ਹਨ। ਪੰਜਾਬੀ ਆਲੋਚਨਾ ਅਤੇ ਇਤਿਹਾਸਕਾਰੀ ਨੂੰ ਸਥਾਪਿਤ ਕਰਨ ਵਿੱਚ ਡਾ. ਦੀਵਾਨਾ ਦਾ ਨਾਮ ਬਹੁਤ ਮਹੱਤਵਪੂਰਨ ਹੈ। ਪੰਜਾਬੀ ਸਾਹਿਤ ਆਲੋਚਨਾ ਅਤੇ ਸਾਹਿਤ ਇਤਿਹਾਸਕਾਰੀ ਨੂੰ ਵਿਗਿਆਨਕ ਲੀਹਾਂ ਉਪਰ ਪਾਉਣ ਦਾ ਸਿਹਰਾ ਡਾ. ਮੋਹਨ ਸਿੰਘ ਦੀਵਾਨਾ ਨੂੰ ਜਾਂਦਾ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਸਾਹਿਤ ਦੀ ਇਤਿਹਾਸਕਾਰੀ ਸਮੇਂ ਇਤਿਹਾਸਕ ਕਾਲ ਕ੍ਰਮਵੰਡ ਦਾ ਜੋ ਮਾਡਲ ਅਪਣਾਇਆ ਹੈ , ਉਹੀ ਮਾਡਲ ਡਾ ਦੀਵਾਨਾ ਤੋਂ ਮਗਰਲੇ ਇਤਿਹਾਸਕਾਰ ਅਪਣਾਉਂਦੇ ਆ ਰਹੇ ਹਨ। ਸਾਹਿਤ ਦੀ ਇਤਿਹਾਸਕਾਰੀ ਤੋ ਇਲਾਵਾ ਡਾ. ਦੀਵਾਨਾ ਨੇ ਆਦਿ ਕਾਲੀਨ ਸਾਹਿਤ ਅਤੇ ਮੱਧਕਾਲੀਨ ਸਾਹਿਤ ਦੇ ਇਕੱਤਰੀਕਰਨ ਵਿਚ ਵੀ ਅਹਿਮ ਯੋਗਦਾਨ ਪਾਇਆ ਹੈ ਉਹਨਾਂ ਦੀ ਅਧਿਐਨ ਦ੍ਰਿਸ਼ਟੀ ਦਾ ਕੇਂਦਰ ਵਧੇਰੇ ਮੱਧਕਾਲੀਨ ਸਾਹਿਤ ਰਿਹਾ ਹੈ। ਉਹਨਾਂ ਨੇ ਵਿਸ਼ੇਸ਼ ਰੂਪ ਸੂਫੀ ਕਾਵਿ ਅਤੇ ਕਿੱਸਾ ਕਾਵਿ ਬਾਰੇ ਆਪਣਾ ਅਧਿਐਨ ਕਾਰਜ ਕੀਤਾ ਹੈ। ਡਾ.ਦੀਵਾਨਾ ਦੀ ਆਲੋਚਨਾ ਦ੍ਰਿਸ਼ਟੀ ਅਨੁਸਾਰ ਕਿਸੇ ਰਚਨਾ ਦਾ ਅਧਿਐਨ ਕਰਨ ਲਈ ਉਸਦੇ ਲੇਖਕ ਬਾਰੇ, ਲੇਖਕ ਦੇ ਜੀਵਨ ਵੇਰਵਿਆਂ, ਲੇਖਕ ਦੇ ਸਮਾਜਿਕ, ਰਾਜਨੀਤਿਕ ਆਰਥਿਕ, ਧਾਰਮਿਕ ਮਾਹੌਲ ਬਾਰੇ ਜਾਣਨਾ ਜ਼ਰੂਰੀ ਹੁੰਦਾ ਹੈ। ਡਾ. ਦੀਵਾਨਾ ਨੇ ਪਹਿਲੀ ਵਾਰ ਨਾਥ ਜੋਗੀ ਸਾਹਿਤ ਨੂੰ ਪੰਜਾਬੀ ਸਾਹਿਤ ਦਾ ਅੰਗ ਮੰਨਵਾਉਣ ਲਈ ਠੋਸ ਦਲੀਲਾ ਅਤੇ ਪ੍ਰਮਾਣ ਪੇਸ਼ ਕੀਤੇ। ਸਾਹਿਤ ਦੀ ਇਤਿਹਾਸਕਾਰੀ ਸਮੇਂ ਉਹਨਾਂ ਦੇ ਸਾਹਮਣੇ ਦੋ ਸਮੱਸਿਆਵਾਂ ਸਨ ਜਿਸ ਵਿੱਚ ਸਾਹਿਤ ਇਤਿਹਾਸ ਦਾ ਆਰੰਭ ਬਿੰਦੂ, ਨਿਸ਼ਚਿਤ ਕਰਨਾ ਅਤੇ ਉਸਦੀ ਕਾਲ ਵੰਡ ਕਰਨਾ। ਇਹਨਾ ਦੋਵੇ ਕਾਰਜਾਂ ਨੂੰ ਡਾ.ਦੀਵਾਨਾ ਨੇ ਬਹੁਤ ਹੀ ਵਿਦਵਤਾ ਅਤੇ ਸੁਹਿਰਦਤਾ ਨਾਲ ਨਿਭਾਇਆ। ਉਹਨਾ ਦੀ ਪੰਜਾਬੀ ਸਾਹਿਤ ਇਤਿਹਾਸ ਪ੍ਰਤੀ ਇਸ ਲਗਨ ਦੀ ਪ੍ਰਸ਼ੰਸ਼ਾ ਵਿਦੇਸ਼ੀ ਵਿਦਵਾਨਾਂ ਡਾ.ਗਰਾਰਮ ਬੈਲੀ ਅਤੇ Dr.Jules Blocl ਅਤੇ ਡਾ. ਰੋਸ਼ਨ ਲਾਲ ਆਹੂਜਾ ਵਰਗੇ ਸੁਦੇਸ਼ੀ ਵਿਦਵਾਨਾਂ ਨੇ ਕੀਤੀ ਹੈ। ਡਾਂ. ਦੀਵਾਨਾ ਦੀ ਇਤਿਹਾਸਕਾਰੀ ਦੀ ਪ੍ਰਮੁੱਖ ਵਿਸ਼ੇਸ਼ਤਾ ਪ੍ਰਮਾਣਿਕ ਕਾਲ ਵੰਡ ਦੇ ਨਾਲ-ਨਾਲ ਤੱਥਾਂ ਨੂੰ ਕਾਲ ਕ੍ਰਮ ਅਨੁਸਾਰ ਸੰਗਠਤ ਕਰਨ, ਪ੍ਰਮੁੱਖ ਸਾਹਿਤਕਾਰਾ ਅਤੇ ਉਹਨਾਂ ਦੀਆਂ ਰਚਨਾਵਾਂ ਬਾਰੇ ਆਪਣੀਆ ਵਡਮੁੱਲੀਆਂ ਟਿੱਪਣੀਆਂ ਦੇਣਾ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਆਪਣੇ ਪੂਰਵਲੇ ਚਿੰਤਕਾਂ ਤੋਂ ਅਗਾਂਹ ਲੰਘਦਿਆਂ ਆਲੋਚਨਾ ਦੇ ਨਵੇਂ ਰੁਝਾਨ ਪੈਦਾ ਕੀਤੇ। ਡਾ. ਦੀਵਾਨਾ ਆਪਣੀ ਆਲੋਚਨਾ ਵਿੱਚ ਰਚਨਾਕਾਰ ਦੇ ਜੀਵਨ ਅਤੇ ਰਚਨਾ ਤੋਂ ਅਗਾਂਹ ਲੰਘ ਕਿ ਰਚਨਾ ਦੇ ਸਾਹਿਤਕ ਗੁਣਾਂ ਅਤੇ ਉਸਦੇ ਸਮਾਜਿਕ ਮੁੱਲ ਦੀ ਪਛਾਣ ਵੱਲ ਵਧਦਾ ਹੈ। ਭਾਰਤੀ ਕਾਵਿ ਸ਼ਾਸਤਰ ਨੇਮ ਅਤੇ ਆਦਰਸ਼ਵਾਦੀ ਧਾਰਮਿਕ ਸਦਾਚਾਰ ਨੇਮ ਉਸ ਦੀ ਅਧਿਐਨ ਪਰਖ ਦੇ ਮੂਲ ਅਧਾਰ ਰਹੇ ਹਨ। ਪੰਜਾਬੀ ਭਾਖਾ ਅਤੇ ਛੰਦਾ ਬੰਦੀ, ਬੁੱਲੇ ਸ਼ਾਹ, ਆਧੁਨਿਕ ਪੰਜਾਬੀ ਕਵਿਤਾ, ਸੂਫੀਆਂ ਦਾ ਕਲਾਮ, ਪੰਜਾਬੀ ਅਦਬ ਦੀ ਮੁਖਤਸਰ ਤਾਰੀਖ, ਜਤਿੰਦਰ ਸਾਹਿਤ ਸਰੋਵਰ ਅਤੇ ਪੰਜਾਬੀ ਸਾਹਿਤ ਦੀ ਇਤਿਹਾਸ ਦੀ ਰੇਖਾ ਆਦਿ

ਡਾ. ਦੀਵਾਨਾ ਦੀਆਂ ਪੰਜਾਬੀ ਸਾਹਿਤ ਅਧਿਐਨ ਨਾਲ ਸਬੰਧਿਤ ਪੰਜਾਬੀ ਪੁਸਤਕਾਂ ਹਨ । ਇਸਤੋਂ ਇਲਾਵਾ ਉਹਨਾਂ ਨੇ ਅੰਗਰੇਜ਼ੀ ਭਾਸ਼ਾ ਵਿੱਚ ਵੀ A History of Punjabi literature ਅਤੇ An Introduction to Punjabi literature ਕਿਤਾਬਾ ਲਿਖੀਆ ਹਨ । ਭਾਵੇਂ ਡਾ. ਦੀਵਾਨਾ ਦੇ ਅਧਿਐਨ ਦਾ ਮੂਲ ਕੇਂਦਰ ਮੱਧਕਾਲਿਨ ਸਾਹਿਤ ਰਿਹਾ ਹੈ ਪ੍ਰੰਤੂ ਉਹਨਾਂ ਸਮਕਾਲੀ ਸਾਹਿਤ ਬਾਰੇ ਵੀ ਅਧਿਐਨ ਕੀਤਾ ਹੈ । ਸਮਕਾਲੀ ਸਾਹਿਤ ਪ੍ਰਤੀ ਉਹਨਾ ਦੀ ਰਾਏ ਕਾਫ਼ੀ ਕਰੜੀ ਅਤੇ ਨਿਸ਼ੇਧਕਾਰੀ ਸੀ। ਸੰਖੇਪ ਵਿੱਚ ਮੁੱਢਲੇ ਸਮੇਂ ਵਿੱਚ ਡਾ. ਦੀਵਾਨਾ ਵੱਲੋਂ ਸਾਹਿਤ ਇਤਿਹਾਸ, ਖੋਜ ਸੰਪਾਦਨ ਅਤੇ ਆਲੋਚਨਾ ਦੇ ਖੇਤਰ ਵਿੱਚ ਕੀਤਾ ਗਿਆ ਕਾਰਜ ਆਪਣੀਆਂ ਸੀਮਾਵਾਂ ਦੇ ਬਾਵਜੂਦ ਮਹੱਤਤਾ ਦਾ ਧਾਰਨੀ ਹੈ । ਪੰਜਾਬੀ ਸਾਹਿਤ ਦਾ ਆਰੰਭ ਨਿਸ਼ਚਿਤ ਕਰਨ ਅਤੇ ਮੱਧਕਾਲੀਨ ਸਾਹਿਤ, ਖਾਸ ਕਰ ਨਾਥ ਜੋਗਿਆਂ ਦੇ ਸਾਹਿਤ ਦੀ ਖੋਜ ਕਰਨ ਕਾਰਨ ਡਾ. ਮੋਹਨ ਸਿੰਘ ਦੀਵਾਨਾ ਪੰਜਾਬੀ ਸਾਹਿਤ ਇਤਿਹਾਸ ਅਤੇ ਸਾਹਿਤ ਅਧਿਐਨ ਦੇ ਖੇਤਰ ਵਿਚ ਮੀਲ ਪੱਥਰ ਸਥਾਪਿਤ ਕਰਦੇ ਹਨ । ਉਹਨਾਂ ਦੀ ਇਸ ਘਾਲਣਾ ਨੂੰ ਅਣਗੌਲਿਆ ਨਹੀਂ ਜਾ ਸਕਦਾ ।

## ਮੌਲਾ ਬਖ਼ਸ਼ ਕੁਸ਼ਤਾ

ਮੌਲਾ ਬਖ਼ਸ਼ ਕੁਸ਼ਤਾ ਪੰਜਾਬੀ ਸਾਹਿਤ ਅਧਿਐਨ ਦੇ ਖੇਤਰ ਵਿੱਚ ਕਦਮ ਪੁੱਟਣ ਵਾਲੇ ਮੁੱਢਲੇ ਆਲੋਚਕਾਂ ਵਿੱਚੋਂ ਇਕ ਹਨ । ਕੁਸ਼ਤਾ ਨੇ ਉਸ ਸਮੇਂ ਪੰਜਾਬੀ ਭਾਸ਼ਾ ਨੂੰ ਆਪਣੇ ਵਿਚਾਰ ਪ੍ਰਗਟਾਵੇ ਦਾ ਸਾਧਨ ਬਣਾਇਆ ਜਦੋ ਉਹਦੇ ਸਮਕਾਲੀ, ਸਾਹਿਤ ਦੀ ਸਰਬਸਾਂਝੀ ਧਾਰਾ ਨੂੰ ਫਿਰਕੇ ਤੱਕ ਸੀਮਤ ਕਰ ਰਹੇ ਸਨ । ਕੁਸ਼ਤਾ ਤੋ ਪਹਿਲਾਂ ਇਸ ਕਦਰ ਪੰਜਾਬੀ ਭਾਸ਼ਾ ਨੂੰ ਸੁਚੇਤ ਪੱਧਰ ਉਪਰ ਸਾਹਿਤ ਅਧਿਐਨ ਲਈ ਨਹੀਂ ਵਰਤਿਆ ਜਾਂਦਾ ਸੀ । ਉਸਨੇ ਪੰਜਾਬੀ ਦੀ ਵਰਤੋਂ ਸਾਹਿਤ ਸੰਬੰਧੀ ਵਿਚਾਰਾਂ ਦੇ ਪ੍ਰਗਟਾਵੇ ਲਈ ਵਾਰਤਕ ਰੂਪ ਵਿੱਚ ਕੀਤੀ । ਉਸਦੇ ਅਧਿਐਨ ਕਾਰਜ ਵਿਚ ਖੋਜ, ਸਿਧਾਂਤ, ਇਤਿਹਾਸ ਅਤੇ ਆਲੋਚਨਾ ਮਿਸ਼ਰਤ ਅਵਸਥਾ ਵਿੱਚ ਹਨ । ਜਿਸ ਦਾ ਕਾਰਨ ਉਸ ਸਮੇਂ ਸਾਹਿਤ , ਖੋਜ , ਆਲੋਚਨਾ ਅਤੇ ਇਤਿਹਾਸ ਸੰਬੰਧੀ ਕਿਸੇ ਪੱਕੀ ਪਰੰਪਰਾ ਦੀ ਅਣਹੋਂਦ ਸੀ ।

ਸਾਹਿਤ ਅਧਿਐਨ ਕਾਰਜ ਨਾਲ ਸੰਬੰਧਿਤ ਮੌਲਾ ਬਖ਼ਸ਼ ਕੁਸ਼ਤਾ ਦੀਆਂ ਤਿੰਨ ਪੁਸਤਕਾਂ ਹਨ ।

1. ਚਸ਼ਮਾਂ-ਏ- ਹਯਾਤ(1913 ਈ.)
2. ਪੰਜਾਬ ਦੇ ਹੀਰੇ ਅਰਥਾਤ ਪੰਜਾਬੀ ਸ਼ਾਇਰਾਂ ਤੇ ਕਵੀਆਂ ਦਾ ਇਤਿਹਾਸ (19320 ਈ.)
3. ਪੰਜਾਬੀ ਸ਼ਾਇਰਾਂ ਦਾ ਤਜ਼ਕਰਾ (ਸੰਪਾ. ਮੁਹੰਮਦ ਅਸਲਮ ਖਾਂ (1932 ਈ )

ਮੌਲਾ ਬਖ਼ਸ਼ ਕੁਸ਼ਤਾ ਦੀਆਂ ਪਹਿਲੀਆਂ ਦੋ ਪੁਸਤਕਾਂ 'ਚਸ਼ਮਾ-ਏ ਹਯਾਤ' ਅਤੇ 'ਪੰਜਾਬ ਦੇ ਹੀਰੇ' ਏਧਰਲੇ ਪੰਜਾਬ ਵਿੱਚ ਅਤੇ ਤੀਜੀ ਪੁਸਤਕ ਪਾਕਿਸਤਾਨ ਵਿੱਚ ਪ੍ਰਕਾਸ਼ਿਤ ਹੋਈ । ਤੀਜੀ ਪੁਸਤਕ ਪਹਿਲੀਆ ਦੋ ਪੁਸਤਕਾ ਦਾ ਹੀ ਵਿਸਤ੍ਰਿਤ ਰੂਪ ਹੈ ਇਸ ਦੀ ਭਾਸ਼ਾ ਪੰਜਾਬੀ ਅਤੇ ਲਿਪੀ ਫਾਰਸੀ ਹੈ । ਸਾਹਿਤ ਅਧਿਐਨ ਦੇ ਖੇਤਰ ਵਿੱਚ ਕੁਸ਼ਤਾ' ਚਸ਼ਮਾ-ਏ-ਹਯਾਤ' ਤੋ ਅਧਿਐਨ ਨੂੰ ਆਰੰਭ ਕਰਕੇ 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ' ਤੱਕ ਪਹੁੰਚਿਆ ਭਾਵੇਂ ਸਮੱਗਰੀ ਅਤੇ ਵੇਰਵਿਆਂ ਵਿੱਚ ਉਹ ਨਿਰੰਤਰ ਵਾਧਾ ਕਰਦਾ ਰਿਹਾ ਪਰ ਉਸ ਦਾ ਦ੍ਰਿਸ਼ਟੀ-ਬਿੰਦੂ, ਪ੍ਰਸਤੁਤੀ–ਵਿਧੀ ਅਤੇ ਪ੍ਰੇਰਣਾ ਸਰੋਤ ਲਗਪਗ ਇੱਕ ਹੀ ਰਹੇ । ਪਹਿਲਾਂ ਉਸਨੇ 'ਚਸ਼ਮਾ-ਏ-ਹਯਾਤ' ਤੋਂ ਕਾਰਜ ਆਰੰਭ ਕੀਤਾ। ਇਸ ਮਜ਼ਮੂਨ ਦੇ ਸਿਰਫ਼ 32

ਪੰਨੇ ਸਨ । ਇਸ ਤੋ ਬਾਅਦ ਉਹ ਨਿਰੰਤਰ ਸਾਧਨਾ ਕਰਦਾ ਰਿਹਾ । ਉਸਦੀ ਸਾਧਨਾ ਦਾ ਕੇਂਦਰ ਸਮੱਗਰੀ ਦਾ ਇਕੱਤਰੀਕਰਨ ਅਤੇ ਸ਼ਾਇਰਾ ਤੇ ਸ਼ਾਇਰੀ ਸੰਬੰਧੀ ਮੁੱਢਲੀ ਜਾਣਕਾਰੀ ਸੀ । ਲਗਪਗ 30 ਸਾਲ ਬਾਅਦ ਕੁਸ਼ਤਾ ਨੇ 'ਪੰਜਾਬ ਦੇ ਹੀਰੇ' ਪੁਸਤਕ ਲਿਖੀ ਜਿਸ ਦੇ ਮਹੱਤਵ ਨੂੰ ਨਜ਼ਰ ਅੰਦਾਜ਼ ਨਹੀ ਕੀਤਾ ਜਾ ਸਕਦਾ । ਇਸ ਪੁਸਤਕ ਦੇ ਦੋ ਹਿੱਸੇ ਸਨ । ਪਹਿਲੇ ਹਿੱਸੇ ਵਿਚ ਕੁਸ਼ਤਾ ਸਮੁੱਚੇ ਪੰਜਾਬੀ ਸਾਹਿਤ ਤੇ ਭਾਸ਼ਾ ਸੰਬੰਧੀ ਆਪਣੇ ਵਿਚਾਰ ਪ੍ਰਸਤੁਤ ਕਰਦਾ ਹੈ ਦੂਸਰੇ ਭਾਗ ਵਿੱਚ ਉਹ ਸ਼ਾਇਰਾਂ ਸੰਬੰਧੀ ਜਾਣ-ਪਛਾਣ ਕਰਵਾਉਂਦਾ ਹੈ । ਪੁਸਤਕ ਦੀ ਵਿਸਤਾਰ ਪੂਰਵਕ ਭੂਮਿਕਾ ਵਿੱਚ ਉਸਨੇ ਪੰਜਾਬੀ ਭਾਸ਼ਾ, ਗੁਰਮੁਖੀ ਲਿਪੀ, ਲੋਕ ਸਾਹਿਤ ਰੂਪ, ਮੱਧਕਾਲੀਨ ਪੰਜਾਬੀ ਸਾਹਿਤ ਦੇ ਵਿਭਿੰਨ ਰੂਪ ਅਤੇ ਆਧੁਨਿਕ ਸਾਹਿਤ ਰੂਪਾਂ ਬਾਰੇ ਜ਼ਿਕਰ ਕੀਤਾ ਹੈ । ਕੁਸ਼ਤਾ ਬੁਨਿਆਦੀ ਤੌਰ 'ਤੇ ਇਤਿਹਾਸਕਾਰ ਹੈ, ਸਿਧਾਂਤਕਾਰ ਜਾ ਆਲੋਚਕ ਨਹੀਂ ਹੈ । ਜਿੱਥੇ ਉਹ ਸਾਹਿਤ ਕਿਰਤਾਂ ਦੀ ਵਿਆਖਿਆ ਕਰਦੇ ਸਮੇ ਮੁੱਢਲੀ ਜਿਹੀ ਸਿਧਾਂਤਕ ਸੂਝ ਦਾ ਪਰਿਚੈ ਦਿੰਦਾ ਹੈ, ਉੱਥੇ ਸਿੱਧੇ ਤੌਰ ਤੇ ਵੀ ਇਨ੍ਹਾਂ ਰੂਪਾਂ ਸਬੰਧੀ ਟਿੱਪਣੀ ਕਰਦਾ ਹੈ । ਨਿਰਸੰਦੇਹ ਇਹ ਸਾਰੀਆਂ ਟਿੱਪਣੀਆਂ ਅਜੋਕੇ ਸਿਧਾਂਤ ਚਿੰਤਨ ਦੀਆ ਹਾਣੀ ਨਹੀਂ, ਪਰ ਤਾਂ ਵੀ ਇਨ੍ਹਾਂ ਵਿੱਚੋ ਕੁਝ ਇਤਿਹਾਸਿਕ ਮਹੱਤਤਾ ਦੀਆ ਧਾਰਣੀ ਹਨ ।

ਸਮੁੱਚੇ ਤੌਰ ਉੱਤੇ ਮੌਲਾ ਬਖ਼ਸ਼ ਕੁਸ਼ਤਾ ਦੀ ਜੋ ਪੰਜਾਬੀ ਸਾਹਿਤ ਅਧਿਐਨ ਨੂੰ ਸਮੁੱਚੀ ਦੇਣ ਹੈ ਉਹ ਇਹਨਾਂ ਨੁਕਤਿਆਂ ਵਿੱਚ ਸਮੇਟੀ ਜਾ ਸਕਦੀ ਹੈ ਕਿ ਮੋਲਾ ਬਖ਼ਸ਼ ਕੁਸ਼ਤਾ ਸੁਚੇਤ ਪੱਧਰ ਉੱਪਰ ਨਿਰੰਤਰ ਸਾਹਿਤ ਅਧਿਐਨ ਕਾਰਜ ਕਰਦਾ ਰਿਹਾ। ਉਸਨੇ ਸਾਹਿਤ ਸਮੱਗਰੀ ਦੇ ਇਕੱਤਰੀਕਰਨ ਦਾ ਕਾਰਜ ਕੀਤਾ । ਬਹੁਤ ਸਾਰੇ ਲੁਪਤ ਹੋ ਰਹੇ ਤੱਥਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ।

ਉਸਨੇ ਧਾਰਮਿਕ ਭੇਦਭਾਵ ਤੋ ਅਜ਼ਾਦ ਰਹਿ ਕੇ ਪੰਜਾਬੀਅਤ ਦੀ ਨਿਰੰਤਰ ਸੇਵਾ ਕੀਤੀ । ਉਸਨੇ ਕਈ ਥਾਵਾਂ ਉੱਪਰ ਸਾਹਿਤਕ ਰੂਪਾਂ ਸੰਬੰਧੀ ਵੀ ਪ੍ਰਗਟਾਵਾ ਕੀਤਾ ਹੈ । ਉਸਦੇ ਸੁਚੇਤ ਅਤੇ ਅਚੇਤ ਪੱਧਰ ਉਪਰ ਸਿਰਜੇ ਗਏ ਇਤਿਹਾਸ ਵਿੱਚੋ ਇਤਿਹਾਸਕਾਰੀ ਦੀਆਂ ਕੁਝ ਕੁ ਰੀਤੀਆਂ ਦੀ ਪ੍ਰਾਪਤੀ ਵੀ ਹੁੰਦੀ ਹੈ । ਕੁਸ਼ਤਾ ਦੇ ਸਮੁੱਚੇ ਕਾਰਜ ਨੂੰ ਕਿਸੇ ਵੀ ਤਰ੍ਹਾਂ ਨਜ਼ਰਅੰਦਾਜ ਨਹੀਂ ਕੀਤਾ ਜਾ ਸਕਦਾ । ਉਸਦੀਆਂ ਕਿਰਤਾਂ ਵਿੱਚ ਉਹ ਸਾਰੇ ਗੁਣ ਔਗੁਣ ਮੌਜੂਦ ਹਨ ਜਿਹੜੇ ਕਿਸੇ ਗਿਆਨ ਖੇਤਰ ਦੀਆਂ ਮੁੱਢਲੀਆਂ ਕਿਰਤਾਂ ਵਿੱਚ ਮੌਜੂਦ ਹੁੰਦੇ ਹਨ ।

## ਹੋਰ ਸਹਾਇਕ ਪੁਸਤਕਾਂ


1. ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ, ਡਾ. ਹਰਭਜਨ ਸਿੰਘ ਭਾਟੀਆ (ਸਾਹਿਤ ਅਕਾਦਮੀ ਦਿੱਲੀ)
2. ਪੰਜਾਬੀ ਸਾਹਿਤ ਦੀ ਉੱਤਪਤੀ ਤੇ ਵਿਕਾਸ, ਪ੍ਰੋ. ਕਿਰਪਾਲ ਸਿੰਘ ਕਸੇਲ ਤੇ ਹੋਰ
3. ਆਧੁਨਿਕ ਪੰਜਾਬੀ ਸਾਹਿਤ ਦਾ ਇਤਿਹਾਸ, ਡਾ. ਜਸਵਿੰਦਰ ਸਿੰਘ ਤੇ ਡਾ. ਮਾਨ ਸਿੰਘ ਢੀਂਡਸਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
4. ਸੰਵਾਦ ਪੁਨਰ ਸੰਵਾਦ, ਡਾ. ਹਰਭਜਨ ਸਿੰਘ ਭਾਟੀਆ
5. ਮੌਲਾ ਬਖ਼ਸ਼ ਕੁਸ਼ਤਾ ਜੀਵਨ ਤੇ ਰਚਨਾ, ਡਾ. ਹਰਭਜਨ ਸਿੰਘ ਭਾਟੀਆ

**ਪਾਠ ਨੰ : 2.2**

# ਮੈਟਾ ਆਲੋਚਨਾ ਅਤੇ ਪੰਜਾਬੀ ਮੈਟਾ ਆਲੋਚਨਾ

ਮੈਟਾ (Meta) ਅੰਗਰੇਜ਼ੀ ਦਾ ਪਦ ਹੈ ਜਿਸ ਦਾ ਪੰਜਾਬੀ ਅਰਥ 'ਪਰਾ' ਲਿਆ ਜਾਂਦਾ ਹੈ ਪਰ ਇਹ ਪੂਰਨ ਰੂਪ ਵਿਚ ਮੈਟਾ ਦੇ ਅਰਥ ਨਹੀਂ ਦਿੰਦਾ। ਇਸ ਲਈ ਵਧੇਰੇ ਤੌਰ 'ਤੇ ਵਿਚ 'ਮੈਟਾ' ਸ਼ਬਦ ਹੀ ਵਰਤ ਲਿਆ ਜਾਂਦਾ ਹੈ। 'ਮੈਟਾ ਆਲੋਚਨਾ' (Meta-Criticism) ਮੁੱਖ ਰੂਪ ਵਿਚ 'ਆਲੋਚਨਾ ਦੀ ਆਲੋਚਨਾ' ਹੈ। ਜਿਵੇਂ ਇਕ ਭਾਸ਼ਾ ਨੂੰ ਸਮਝਣ ਲਈ ਦੂਜੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ ਤੇ ਉਹ ਮੈਟਾ ਭਾਸ਼ਾ ਅਖਵਾਉਂਦੀ ਹੈ ਉਵੇਂ ਹੀ ਪਹਿਲੀ ਆਲੋਚਨਾ ਨੂੰ ਸਮਝਣ ਤੇ ਨਿਰਖ-ਪਰਖ ਕਰਨ ਲਈ ਵਰਤੀ ਜਾਂਦੀ ਉਪਰਲੀ ਪੱਧਰ ਦੀ ਆਲੋਚਨਾ ਮੈਟਾ-ਆਲੋਚਨਾ ਅਖਵਾਉਂਦੀ ਹੈ। ਮੈਟਾ-ਆਲੋਚਨਾ ਇਕ ਨੇਮ-ਪ੍ਰਬੰਧ ਵਿਚ ਰਹਿ ਕੇ ਹੀ ਕਾਰਜ ਕਰਦੀ ਹੈ। ਡਾ. ਹਰਿਭਜਨ ਸਿੰਘ ਭਾਟੀਆ ਅਨੁਸਾਰ 'ਜਿਵੇਂ ਆਮ ਸਾਧਾਰਣ ਲਫ਼ਜ਼ਾਂ ਵਿਚ ਸਾਹਿਤ ਸੰਬੰਧੀ ਉਚਾਰ ਨੂੰ ਆਲੋਚਨਾ ਕਹਿ ਲਿਆ ਜਾਂਦਾ ਹੈ ਠੀਕ ਇਵੇਂ ਹੀ, ਮੁੱਢਲੀ ਜਾਣਕਾਰੀ ਪ੍ਰਾਪਤ ਕਰਨ ਲਈ, ਆਲੋਚਨਾ ਸੰਬੰਧੀ ਉਚਾਰ (discourse about criticism) ਨੂੰ ਮੈਟਾ-ਅਧਿਐਨ ਦਾ ਨਾਮ ਦਿੱਤਾ ਜਾ ਸਕਦਾ ਹੈ।'[1] ਇਹ ਪਹਿਲੀ ਆਲੋਚਨਾ ਕਿਰਤ ਦੇ ਵਿਆਖਿਆ, ਵਿਸ਼ਲੇਸ਼ਣ ਤੇ ਮੁਲਾਂਕਣ ਦੇ ਪੱਧਰ ਉਪਰ ਰਹਿ ਗਈਆਂ ਖਾਮੀਆਂ ਤੇ ਪ੍ਰਾਪਤੀਆਂ ਦਾ ਪੁਨਰ-ਮੁਲਾਂਕਣ ਕਰਦੀ ਹੈ ਤੇ ਨਵੀਂ ਦਿਸ਼ਾ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਇਹ ਪਹਿਲੀ ਆਲੋਚਨਾ ਕ੍ਰਿਤ ਨਾਲੋਂ ਇਕ ਵੱਖਰੀ ਤੇ ਨਵੀਨ ਕ੍ਰਿਤ ਵੀ ਬਣ ਜਾਂਦੀ ਹੈ। ਰੂਪਵਾਦੀ ਤੇ ਸੰਰਚਨਾਵਾਦੀ ਆਲੋਚਕਾਂ ਨੇ ਰਚਨਾ ਵਿਚ ਸਾਹਿਤ ਬਾਹਰੀ ਤੱਤਾਂ ਦੀ ਪਛਾਣ ਕਰਨ ਲਈ ਆਲੋਚਨਾ ਦੀ ਵਰਤੋਂ ਕੀਤੀ ਹੈ। ਇਸ ਤਰ੍ਹਾਂ ਜੋ ਖੇਤਰ ਰਚਨਾ ਦੀ ਆਲੋਚਨਾ ਤੋਂ ਬਾਹਰੇ ਹਨ ਉਹਨਾਂ ਨੂੰ ਦੀ ਪਛਾਣ ਨੂੰ ਮੈਟਾ-ਆਲੋਚਨਾ ਦਾ ਅੰਗ ਵੀ ਮੰਨਿਆ ਗਿਆ ਹੈ। ਸੋ ਮੈਟਾ ਆਲੋਚਨਾ ਵਿਚ ਪਾਠ ਦਾ ਨਿਕਟ ਅਧਿਐਨ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਜਿਸ ਵਿਚ ਪਾਠ-ਕੇਂਦਰਿਤ ਵਿਧੀਆਂ ਸਹਾਇਕ ਸਿੱਧ ਹੁੰਦੀਆਂ ਹਨ। ਇਹਨਾਂ ਵਿਧੀਆਂ ਦਾ ਗਿਆਤਾ ਹੀ ਅਸਲ ਵਿਚ ਸਹੀ ਮੈਟਾ-ਆਲੋਚਨਾ ਕਰਨ ਦੇ ਯੋਗ ਹੁੰਦਾ ਹੈ।

ਕਈ ਆਲੋਚਕ ਵੱਖ-ਵੱਖ ਵਿਧੀਆਂ ਨੂੰ ਇਕੱਠਿਆਂ ਹੀ ਰਚਨਾ ਦੀ ਆਲੋਚਨਾ ਲਈ ਵਰਤਦੇ ਹਨ ਇਸ ਪ੍ਰਕਿਰਿਆ ਵਿਚ ਪੈਦਾ ਹੋਇਆ ਆਲੋਚਨਾ ਪਾਠ ਮਿਸ਼ਰਿਤ ਮੈਟਾ-ਆਲੋਚਨਾ ਦਾ ਹੋਵੇਗਾ ਜਿਸ ਨੂੰ ਅੰਤਰ-ਅਨੁਸ਼ਾਸਨੀ ਕਿਸਮ ਦੀ ਆਲੋਚਨਾ ਵੀ ਕਿਹਾ ਜਾਂਦਾ ਹੈ। ਜੇਕਰ ਇਕ ਹੀ ਵਿਧੀ ਨੂੰ ਵਰਤ ਕੇ

[1] ਡਾ. ਹਰਿਭਜਨ ਸਿੰਘ ਭਾਟੀਆ, **ਪੰਜਾਬੀ ਆਲੋਚਨਾ ਸਿਧਾਂਤ ਤੇ ਵਿਹਾਰ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਐਡੀਸ਼ਨ 2012, ਪੰਨਾ-2

ਘੋਖ ਕੀਤੀ ਗਈ ਹੋਵੇਗੀ ਤਾਂ ਫਿਰ ਪਾਠ ਇਕ ਵਿਧੀ ਆਧਾਰਿਤ ਮੁਲਾਂਕਣ ਪੇਸ਼ ਕਰੇਗਾ ਤਾਂ ਇਸ ਤਰ੍ਹਾਂ ਅੰਤਰੰਗ ਕਿਸਮ ਦਾ ਆਲੋਚਨਾ-ਪਾਠ ਸਾਹਮਣੇ ਆਵੇਗਾ।

ਮੈਟਾ-ਆਲੋਚਨਾ ਕਰਨ ਵਾਲੇ ਆਲੋਚਕ ਤੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਉਹ ਕਿਸੇ ਪੱਖਪਾਤੀ ਦ੍ਰਿਸ਼ਟੀ ਦਾ ਧਾਰਨੀ ਨਾ ਹੋਵੇ ਭਾਵ ਉਹ ਕਿਸੇ ਰਚਨਾ ਦੇ ਕਰਤੇ ਦੇ ਉਪਾਸ਼ਕ ਜਾਂ ਵਿਰੋਧੀ ਵਜੋਂ ਕਾਰਜਸ਼ੀਲ ਨਾ ਹੋਵੇ, ਕਿਸੇ ਵਿਸ਼ੇਸ਼ ਵਿਧੀ ਵੱਲ ਝੁਕਾਅ ਨਾ ਰੱਖਦਾ ਹੋਵੇ ਬਲਕਿ ਉਹ ਨਿਰਪੱਖ ਕਿਸਮ ਦਾ ਹੋਵੇ ਜੋ ਆਲੋਚਨਾ ਪਾਠ ਵਿਚ ਕਾਰਜਸ਼ੀਲ ਨੇਮਾਂ ਨੂੰ ਪਛਾਣ ਕੇ ਸਾਹਿਤ ਸਿਸਟਮ ਤੇ ਆਲੋਚਨਾ ਦੇ ਤੱਤਾਂ, ਪ੍ਰਕਿਰਤੀ ਤੇ ਮੰਤਵ ਤਹਿਤ ਆਲੋਚਨਾ ਕਰੇ।

ਇਸ ਤਰ੍ਹਾਂ ਮੈਟਾ ਆਲੋਚਕ ਆਲੋਚਨਾ ਦੇ ਸਿਧਾਂਤ ਤੇ ਇਤਿਹਾਸ ਸਿਰਜਣ ਲਈ ਤਤਪਰ ਰਹਿੰਦਾ ਹੈ ਤੇ ਕਾਵਿ-ਸ਼ਾਸਤਰੀ ਨੇਮਾਂ ਤਹਿਤ ਉਹ ਇਕ ਨਵਾਂ ਆਲੋਚਨਾ ਪਾਠ ਤਿਆਰ ਕਰਦਾ ਹੈ।

ਪਿਛਲੇ ਦੋ ਕੁ ਦਹਾਕਿਆਂ ਵਿਚ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਪ੍ਰਤਿਮਾਨਕ ਦ੍ਰਿਸ਼ਟੀ ਤੋਂ ਕੁਝ ਅਜਿਹੀਆਂ ਤਬਦੀਲੀਆਂ ਆਈਆਂ ਹਨ ਜਿਨ੍ਹਾਂ ਸਦਕਾ ਪੰਜਾਬੀ ਆਲੋਚਨਾ ਜਿਸ ਤੇਜ਼ੀ ਨਾਲ ਪੰਜਾਬੀ ਸਾਹਿਤ ਦੇ ਵਿਭਿੰਨ ਰੂਪਾਂ ਦੇ ਕਾਵਿ ਸ਼ਾਸਤਰ ਦੀ ਉਸਾਰੀ ਦੀ ਦਿਸ਼ਾ ਵੱਲ ਵਧੀ ਹੈ, ਇਸ ਦਾ ਪੂਰਵਵਰਤੀ ਪੰਜਾਬੀ ਆਲੋਚਨਾ ਨਾਲੋਂ ਨਿਖੇੜਾ ਸਥਾਪਿਤ ਕਰਨਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਪਿਛਲੇ ਪਾਠਾਂ ਵਿਚ ਹੁਣ ਤੱਕ ਅਸੀਂ ਪੁਰਾਣੀ ਪੰਜਾਬੀ ਆਲੋਚਨਾ ਦੇ ਇਤਿਹਾਸ ਵਿਚ ਬਾਵਾ ਬੁੱਧ ਸਿੰਘ, ਮੌਲਾ ਬਖਸ਼ ਕੁਸ਼ਤਾ, ਤੇਜਾ ਸਿੰਘ, ਪੂਰਨ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਗੋਪਾਲ ਸਿੰਘ ਦਰਦੀ ਬਾਰੇ ਆਪਣੇ ਵਿਚਾਰ ਅੰਕਿਤ ਕਰਨ ਉਪਰੰਤ ਸੰਤ ਸਿੰਘ ਸੇਖੋਂ, ਕਿਸ਼ਨ ਸਿੰਘ, ਨਜਮ ਹੁਸੈਨ ਸੱਯਦ, ਅਤਰ ਸਿੰਘ ਤੇ ਰਵਿੰਦਰ ਸਿੰਘ ਰਵੀ ਦੀ ਮਾਰਕਸਵਾਦੀ ਆਲੋਚਨਾ ਬਾਰੇ ਚਰਚਾ ਕੀਤੀ ਹੈ ਭਾਵੇਂ ਸੰਤ ਸਿੰਘ ਸੇਖੋਂ ਕਿਸਨ ਸਿੰਘ ਤੇ ਅਤਰ ਸਿੰਘ ਆਦਿ ਆਲੋਚਕਾਂ ਨੇ ਪੰਜਾਬੀ ਸਾਹਿਤ ਬਾਰੇ ਨਵੇਂ ਸਿਰਿਓਂ ਸੋਚਣ ਲਈ ਪ੍ਰੇਰਿਤ ਅਵਸ਼ ਕੀਤਾ ਪਰ ਇਨ੍ਹਾਂ ਸਾਰੇ ਆਲੋਚਕਾਂ ਦਾ ਆਲੋਚਨਾਤਮਿਕ ਵਿਵੇਕ ਮੁੱਲਵਾਦੀ ਨਿਸ਼ਚੇਵਾਦੀ ਕਿਸਮ ਦੀਆਂ ਹੱਦ ਲਕੀਰਾਂ ਤੋਂ ਬਾਹਰ ਨਹੀਂ ਨਿਕਲਦਾ। ਸਾਹਿਤ ਵਿਗਿਆਨ ਪੰਜਾਬੀ ਆਲੋਚਨਾ ਦਾ ਦੌਰ ਡਾ. ਹਰਿਭਜਨ ਸਿੰਘ ਦੀ ਆਲੋਚਨਾ ਵਿਧੀ ਨਾਲ ਸ਼ੁਰੂ ਹੋਇਆ ਅਤੇ ਬਹੁਤੇ ਪੰਜਾਬੀ ਚਿੰਤਕਾਂ ਨੇ ਉਸ ਦੇ ਅਧਿਐਨ ਕਾਰਜ ਨੂੰ ਮਾਡਲ ਸਮਝ ਕੇ ਪੱਛਮੀ ਸਮੀਖਿਆ ਦ੍ਰਿਸ਼ਟੀਆਂ ਦੇ ਸਾਹਿਤ ਅਧਿਐਨ ਸਮੇਂ ਵਰਤੋਂ ਕਰਨੀ ਆਰੰਭ ਕੀਤੀ। ਪਰ ਨਵੀਂ ਪੰਜਾਬੀ ਆਲੋਚਨਾ ਨਾਲ ਇਕ ਨਵਮਾਰਕਸਵਾਦੀ, ਸਿਸਟਮੀ, ਸਮਾਜ ਸ਼ਾਸਤਰੀ, ਮਿਥ ਵਿਗਿਆਨਿਕ ਅਧਿਐਨ ਦੀ ਪਰੰਪਰਾ ਨੂੰ ਸਰੰਚਨਾਵਾਦੀ, ਵਿਗਿਆਨਿਕ, ਸਮੀਖਿਆ ਦ੍ਰਿਸ਼ਟੀਆਂ ਨੂੰ ਆਧਾਰ ਬਿੰਦੂ ਮੰਨ ਕੇ ਅੰਤਰ ਅਨੁਸ਼ਾਸਨੀ ਸਾਹਿਤ ਅਧਿਐਨ ਦੀ ਪਰੰਪਰਾ ਨੂੰ ਹੋਰ ਅਗਾਂਹ ਤੋਰਿਆ ਗਿਆ। ਸਪਸ਼ਟ ਹੈ ਕਿ ਸਾਡਾ ਮਨੋਰਥ 'ਨਵੀਂ ਆਲੋਚਨਾ' ਤੋਂ ਨਾ ਤਾਂ ਨਵ-ਅਮਰੀਕਨ ਆਲੋਚਨਾ ਵਾਲਾ ਹੈ ਅਤੇ ਨਾ ਹੀ ਫਰਾਂਸ ਵਿਚਲੀ ਨਵੀਂ ਆਲੋਚਨਾ ਤੋਂ ਹੈ।

## ਪੰਜਾਬੀ ਮੈਟਾ ਆਲੋਚਨਾ

ਇਸ ਪਾਠ ਦੇ ਆਰੰਭ ਵਿਚ ਹੀ ਇਹ ਗੱਲ ਸਾਫ਼ ਕਰਨੀ ਵੀ ਜ਼ਰੂਰੀ ਹੈ ਕਿ ਪੰਜਾਬੀ ਮੈਟਾ ਆਲੋਚਨਾ ਦੇ ਇਸ ਦੌਰ ਵਿਚ ਕੁਝ ਆਲੋਚਕ ਅਜੇ ਵੀ ਪੂਰਵ ਸੇਖੋਂ ਆਲੋਚਨਾ ਦੇ ਪ੍ਰਤਿਮਾਨਾਂ ਨਾਲ ਜੁੜੇ ਹੋਏ ਹਨ। ਫਲਸਰੂਪ ਅਜੇ ਵੀ ਪਿਛਲੇ ਸਮਿਆਂ ਦੀ ਆਲੋਚਨਾ ਦੇ ਪਾਠ ਚਿੰਨ੍ਹ ਸਹਿਜੇ ਹੀ ਦ੍ਰਿਸ਼ਟੀਗਤ ਹੋ ਜਾਂਦੇ ਹਨ। ਕੁਲਬੀਰ ਸਿੰਘ ਕਾਂਗ ਤੇ ਉਸ ਵਰਗੇ ਹੋਰ ਆਲੋਚਕ ਇਸੇ ਆਲੋਚਨਾ-ਪਾਰਿਪਾਟੀ ਨਾਲ ਜੁੜੇ ਹੋਏ ਹਨ। ਇਸ ਦਾ ਇਕ ਕਾਰਨ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਅੱਜ ਕੱਲ੍ਹ ਹਰ ਐਮ.ਏ. ਪੰਜਾਬੀ ਪਾਸ ਕਰ ਚੁੱਕਾ ਵਿਦਿਆਰਥੀ ਤੁਰੰਤ ਆਪਣੇ ਆਪ ਨੂੰ ਆਲੋਚਕ ਸਮਝ ਕੇ ਆਪਣੇ ਐਮ. ਏ. ਜਾਂ ਐਮ. ਫਿਲ ਦੇ ਖੋਜ-ਨਿਬੰਧ ਪੁਸਤਕ ਰੂਪ ਵਿਚ

ਪ੍ਰਕਾਸ਼ਿਤ ਕਰਵਾਉਣ ਦਾ ਮੋਹ ਰੱਖਦਾ ਹੈ। ਗਿਆਨ-ਮਾਰਗ ਉੱਤੇ ਲੰਮੇ ਸਮੇਂ ਤੱਕ ਤੁਰਨਾ, ਸਾਹਿਤ ਦੇ ਕਾਵਿ-ਸ਼ਾਸਤਰ ਤੇ ਬੁਨਿਆਦੀ ਨੇਮਾਂ ਨੂੰ ਪਛਾਣਨਾ ਅਤੇ ਸਾਹਿਤ-ਕਿਰਤ ਦਾ ਗੰਭੀਰ ਅਧਿਐਨ ਕਰਨਾ ਉਸ ਦਾ ਸਰੋਕਾਰ ਨਹੀਂ ਕਿਉਂਕਿ ਉਹ ਕਰੜੀ ਸਾਧਨਾਂ ਤੋਂ ਕੋਹਾਂ ਦੂਰ ਭੱਜਣ ਲਈ ਤਿਆਰ ਰਹਿੰਦਾ ਹੈ ਪਰ ਅਜਿਹੀ ਸਥਿਤੀ ਦੇ ਪ੍ਰਤਿਉੱਤਰ ਵਜੋਂ ਅਜਿਹੇ ਵਿਦਿਆਰਥੀ ਤੇ ਅਧਿਆਪਕ ਵੀ ਉਭਰ ਕੇ ਸਾਹਮਣੇ ਆਏ ਹਨ ਜਿਨ੍ਹਾਂ ਨੇ ਕਰੜੀ ਸਾਧਨਾ ਦਾ ਮਾਰਗ ਅਪਣਾ ਕੇ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਆਪਣੀ ਵੱਖਰੀ ਪਛਾਣ ਕਾਇਮ ਕੀਤੀ ਹੈ। ਹੱਥਲੇ ਪਾਠ ਵਿਚ ਨਵੀਂ ਪੰਜਾਬੀ ਆਲੋਚਨਾ ਨਾਲ ਜੁੜੇ ਆਲੋਚਕਾਂ ਦੇ ਨਾਲ-ਨਾਲ ਪਰੰਪਰਾਗਤ ਸਮੀਖਿਅਕਾਂ ਦਾ ਜ਼ਿਕਰ ਵੀ ਲੋੜ ਅਨੁਸਾਰ ਕੀਤਾ ਜਾਣਾ ਮੁਨਾਸਿਬ ਹੈ। ਇਨ੍ਹਾਂ ਮਿਲੇ-ਜੁਲੇ ਪੰਜਾਬੀ ਚਿੰਤਕਾਂ ਵਿਚੋਂ ਡਾ. ਤੇਜਵੰਤ ਸਿੰਘ ਗਿੱਲ, ਡਾ. ਗੁਰਭਗਤ ਸਿੰਘ, ਡਾ. ਜੋਗਿੰਦਰ ਸਿੰਘ ਰਾਹੀ, ਡਾ. ਹਰਭਜਨ ਸਿੰਘ ਭਾਟੀਆ, ਡਾ. ਮਨਜੀਤ ਸਿੰਘ ਤੇ ਡਾ. ਗੁਰਚਰਨ ਸਿੰਘ ਆਦਿ ਦੇ ਸਾਹਿਤ ਅਧਿਐਨ ਕਾਰਜ ਦਾ ਖਾਸ ਤੌਰ ਤੇ ਜ਼ਿਕਰ ਕਰਨਾ ਬਣਦਾ ਹੈ।

ਤੇਜਵੰਤ ਸਿੰਘ ਗਿੱਲ ਦਾ ਉਲੇਖ ਆਮ ਤੌਰ ਤੇ ਨਵ-ਮਾਰਕਸਵਾਦੀ ਪੰਜਾਬੀ ਆਲੋਚਨਾ ਦੇ ਪ੍ਰਸੰਗ ਵਿਚ ਕੀਤਾ ਜਾਂਦਾ ਹੈ ਅਤੇ ਉਸ ਨੂੰ ਇਕ ਉੱਭਰ ਰਿਹਾ ਪ੍ਰਤਿਬੰਧ ਕਿਸਮ ਦਾ ਮਾਰਸਕਵਾਦੀ ਆਲੋਚਕ ਮੰਨਿਆ ਜਾਂਦਾ ਹੈ। ਇਕ ਮੱਤ ਅਨੁਸਾਰ ਗਿੱਲ ਨੇ ਯੂਰੋਕਮਿਊਨਿਜ਼ਮ ਲਹਿਰ ਦੀ ਪੈਦਾਵਾਰ ਇਟਲੀ ਦੇ ਪ੍ਰਸਿੱਧ ਚਿੰਤਕ ਐਟੋਨੀਓ ਗ੍ਰਾਮਸਕੀ ਅਤੇ ਵਾਲਟਰ ਬੈਂਜਾਮਿਨ ਦੇ ਚਿੰਤਨ ਤੋਂ ਵਧੇਰੇ ਪ੍ਰਭਾਵ ਗ੍ਰਹਿਣ ਕੀਤਾ ਹੈ। ਸਾਹਿਤ-ਆਲੋਚਨਾ ਦੇ ਖੇਤਰ ਵਿਚ ਉਸ ਦੀ ਇਕ ਸੰਪਾਦਿਤ ਪੁਸਤਕ 'ਸੰਤ ਸਿੰਘ ਸੇਖੋਂ : ਚਿੰਤਨ ਤੇ ਕਲਾ' ਮਿਲਦੀ ਹੈ, ਪਰ ਪੰਜਾਬੀ ਦੇ ਵੱਖ ਵੱਖ ਮਾਸਿਕ-ਪੱਤਰਾਂ ਤੇ ਗੋਸ਼ਟੀਆਂ ਵਿਚ ਪੇਸ਼ ਹੋਈ ਲੇਖ ਸ਼ਮਗਰੀ ਨੇ ਵੀ ਚਿੰਤਕਾਂ ਦਾ ਧਿਆਨ ਆਪਣੇ ਵੱਲ ਖਿਚਿਆ ਹੈ। ਗਿੱਲ ਨੂੰ ਸੇਖੋਂ ਆਲੋਚਨਾ ਵਿਚਲਾ ਅਧੂਰਾਪਨ ਰੜਕਦਾ ਹੈ ਅਤੇ ਇਸੇ ਅਧੂਰੇਪਨ ਦੀ ਸੰਪੰਨਤਾ ਉਸ ਦੀ ਆਲੋਚਨਾ ਦਾ ਮਕਸਦ ਹੈ। ਉਹ ਸਾਹਿਤ-ਆਲੋਚਨਾ ਦੇ ਚਾਰ ਮੁੱਖ ਪੱਖ (ਦਾਰਸ਼ਨਿਕ, ਸੁਹਜਾਤਮਕ, ਮਨੋਵਿਗਿਆਨਿਕ ਤੇ ਰੂਪਕ) ਮੰਨਦਿਆਂ ਅਤੇ ਇਨ੍ਹਾਂ ਦੇ ਪਰਸਪਰ ਗਹਿਰੇ ਸੰਬੰਧ ਸਵੀਕਾਰ ਕਰਦਿਆਂ ਇਨ੍ਹਾਂ ਚਾਰੇ ਪੱਖਾਂ ਦੇ ਸੰਸਲੇਸ਼ਣ ਉੱਤੇ ਆਧਾਰਿਤ ਆਲੋਚਨਾ ਦ੍ਰਿਸ਼ਟੀ ਨੂੰ ਸੰਪੂਰਨ ਆਲੋਚਨਾ ਦਾ ਨਾਮ ਦਿੰਦਾ ਹੈ। ਲੇਖਕ ਦੀ ਅਨੁਭਵੀ ਚੇਤੰਨਤਾ ਦੇ ਪ੍ਰਸੰਗ ਵਿਚ, ਉਹ ਉਸ ਦੇ ਇਤਿਹਾਸਿਕ ਖੇਤਰ ਵਿਚ ਕਰਮਸ਼ੀਲ ਹੋਣ ਦੀ ਗੱਲ ਕਰਦਾ ਹੋਇਆ ਉਸ ਦੇ 'ਓਪਰੇਪਣ' ਅਤੇ 'ਸਵੈ ਓਪਰੇਪਣ' ਵਿਚਕਾਰ ਨਿਖੇੜਾ ਸਥਾਪਿਤ ਕਰਦਾ ਹੈ ਅਤੇ ਇਸ ਦਾ ਕਾਰਨ ਸਮਾਜਿਕਤਾ ਵਿਚੋਂ ਭਾਲਦਾ ਹੈ। ਅਸਲ ਵਿਚ ਆਲੋਚਨਾ ਬਾਰੇ ਉਸ ਦੇ ਸੰਕਲਪ ਦੀ ਆਧਾਰ ਭੂਮੀ ਸ਼ੁੱਧ ਰੂਪ ਵਿਚ ਮਾਰਕਸਵਾਦੀ ਨਹੀਂ। ਉਂਜ ਵੀ ਉਹ ਭਾਵੇਂ ਕਿਸੇ ਵੀ ਆਲੋਚਨਾ ਵਿਧੀ ਦੀ ਗੱਲ ਕਰ ਰਿਹਾ ਹੋਵੇ ਦਾਰਸ਼ਨਿਕ/ਇਤਿਹਾਸਿਕ ਵਰਗੇ ਗਿਣੇ ਮਿਥੇ ਸ਼ਬਦਾਂ ਨੂੰ ਦੁਹਰਾਉਣ ਦੀ ਰੁਚੀ ਰੱਖਦਾ ਹੈ। ਪਰ ਇਸੇ ਨਾਲ ਹੀ ਉਸ ਨੇ ਆਪਣੀ ਵਿਹਾਰਿਕ ਆਲੋਚਨਾ ਵਿਚ ਕਈ ਵਾਰ ਵਿਸ਼ੇਸ਼ ਤੱਥਾਂ ਦੇ ਅਧਿਐਨ ਤੇ ਵਿਸ਼ਲੇਸ਼ਣ ਤੋਂ ਬਾਅਦ ਆਪਣੀ ਧਾਰਨਾ ਕਾਇਮ ਕਰਨ ਦੀ ਥਾਂ ਆਲੋਚਨਾ ਵਰਗੇ ਗੰਭੀਰ ਵਿਸ਼ੇ ਨੂੰ ਬਿਆਨਬਾਜ਼ੀ ਦੇ ਪੱਧਰ ਉੱਤੇ ਲੈ ਆਂਦਾ ਹੈ। ਉਹ ਕਿਸ਼ਨ ਸਿੰਘ ਤੇ ਜਸਬੀਰ ਸਿੰਘ ਆਹਲੂਵਾਲੀਆ ਦੀ ਆਲੋਚਨਾ ਨੂੰ ਅਪਰਿਵਰਤਨ ਦੇ ਵਿਚਲਨ ਦੀ ਸ਼ਿਕਾਰ ਮੰਨਦਾ ਹੈ ਅਤੇ ਇਸ ਨੂੰ ਕ੍ਰਮਵਾਰ ਉੱਜਡ ਧਾਰਮਿਕਤਾ ਅਤੇ ਅਪ੍ਰਮਾਣਿਕ ਸੰਕਲਪਾਤਮਿਕਤਾ ਦਾ ਦਰਜਾ ਦਿੰਦਾ ਹੈ। ਕੁੱਲ ਮਿਲਾ ਕੇ ਉਸ ਦੀ ਆਲੋਚਨਾ ਵਿਧੀ ਸਾਹਿਤ-ਪਾਠ ਵਿਚ ਗਰਭਿਤ ਵਿਚਾਰਧਾਰਾ ਅਤੇ ਉਸ ਦੀ ਜਮਾਤੀ ਸਥਿਤੀ ਨੂੰ ਸਪਸ਼ਟ ਕਰਨ ਦੀ ਥਾਂ ਦਾਰਸ਼ਨਿਕ ਸੰਕਲਪਾਂ ਦੇ ਸ਼ਬਦ-ਜਾਲ ਵਿਚ ਉਲਝ ਕੇ ਰਹਿ ਜਾਂਦੀ ਹੈ।

ਡਾ. ਗੁਰਭਗਤ ਸਿੰਘ ਦੀ ਆਲੋਚਨਾ ਵਿਧੀ ਉਸ ਦੁਆਰਾ ਲਿਖੇ ਗਏ ਆਲੋਚਨਾਤਮਿਕ ਨਿਬੰਧਾਂ ਦੁਆਰਾ ਹੋਂਦ ਵਿਚ ਆਉਂਦੀ ਹੈ ਜਿਹੜੇ ਉਸ ਨੇ 'ਇਕਤੀ ਫਰਵਰੀ' ਅਤੇ ਹੋਰ ਮਾਸਿਕ ਪੱਤਰਾਂ ਤੇ ਗੋਸ਼ਟੀਆਂ ਲਈ ਲਿਖੇ ਸਨ। ਉਸ ਦੀ ਆਲੋਚਨਾ ਵਿਧੀ ਮਾਰਕਸਵਾਦੀ ਦਰਸ਼ਨ, ਸੰਰਚਨਾਵਾਦ ਤੇ ਭਾਸ਼ਾ-ਵਿਗਿਆਨ ਦੇ ਸੰਮਿਸ਼ਰਣ ਦੁਆਰਾ ਸਿਰਜਿਤ ਅੰਤਰ-ਦ੍ਰਿਸ਼ਟੀ ਦਾ ਪ੍ਰਭਾਵ ਗ੍ਰਹਿਣ ਕਰਦੀ ਹੈ। ਉਹ ਕਿਸੇ ਖਾਸ ਧਾਰਾ ਜਾਂ ਵਾਦ ਤੋਂ ਪਰ੍ਹਾਂ ਰਹਿ ਕੇ ਅੰਤਰ-ਅਨੁਸ਼ਾਸਨੀ ਵਿਧੀ ਅਪਣਾਉਂਦਾ ਹੋਇਆ ਸਾਹਿਤ-ਕਿਰਤ ਦੀਆਂ ਮੈਟਾ-ਕੌਸ਼ਿਅਸ ਅਤੇ ਪਰਾ-ਸੰਸਕ੍ਰਿਤਕ ਸੰਭਾਵਨਾਵਾਦੀ ਪੁਣਛਾਣ ਕਰਦਾ ਹੈ।

ਸਾਹਿਤ-ਅਧਿਐਨ-ਕਾਰਜ ਸਮੇਂ ਉਹ ਪੂਰਬੀ ਤੇ ਪੱਛਮੀ ਚਿੰਤਨ ਦੇ ਵਿਕਾਸ-ਪੜਾਵਾਂ ਥਾਣੀ ਲੰਘ ਕੇ ਪੂਰਬੀ ਸਾਹਿਤ ਦੇ ਵਿਸ਼ਲੇਸ਼ਣ ਲਈ ਪੱਛਮੀ ਚਿੰਤਨ ਤੋਂ ਮਾਂਗਵੇਂ ਲਏ ਹੋਏ ਮਾਪ ਦੰਡਾਂ ਨੂੰ ਕਈ ਥਾਵਾਂ ਉੱਤੇ ਰੱਦ ਕਰਦਿਆਂ ਹੋਇਆਂ ਸਾਹਿਤ-ਅਧਿਐਨ ਲਈ ਅੰਤਰ-ਅਨੁਸ਼ਾਸਨੀ ਵਿਧੀ ਨੂੰ ਸਰਵੋਤਮ ਮੰਨਦਾ ਹੈ। ਇਹੋ ਕਾਰਨ ਹੈ ਕਿ ਉਸ ਦੀ ਆਲੋਚਨਾ ਇਕੋ ਸਮੇਂ ਸਾਹਿਤ-ਪਾਠ ਤੱਤਮੂਲਕ ਸੰਬੰਧਾਂ ਨੂੰ ਪਛਾਣਨ ਵੱਲ ਰੁਚਿਤ ਹੁੰਦੀ ਹੈ ਅਤੇ ਸਾਹਿਤ ਪਾਠ ਤੋਂ ਪਾਰ ਜਾ ਕੇ ਅਨੁਭਵ ਦਾ ਇਕ ਜਗਤ ਸਿਰਜਣ ਵਿਚ ਵੀ ਵਿਲੀਨ ਹੁੰਦੀ ਹੈ। ਮਿਸਾਲ ਦੇ ਤੌਰ ਤੇ ਆਪਣੇ ਲੇਖ 'ਨਸ਼ਿਆਉਲਾ ਬੂਹਾ ਬੋਧੀ ਭਿਖੂ, ਹਾਈਡਿਗਰ' ਵਿਚ ਉਹ 'ਸ਼ੂਨਯ' ਸ਼ਬਦ ਬਾਰੇ ਚਰਚਾ ਕਰਦਿਆਂ ਹੋਇਆਂ 'ਭਾਸ਼ਾ ਨੂੰ ਜ਼ਬਾਨ ਨਾਲ ਬੋਲਿਆ ਜਾਣ ਵਾਲਾ ਨਿਊਰੋਫਿਲਿਉਲੋਜੀਕਲ ਅਤੇ ਮਨੋਕਲਪ੍ਰਵਾਦੀ ਧੁਨੀ-ਪ੍ਰਬੰਧ ਮੰਨਦਾ ਹੈ, ਪਰ ਉਸ ਦੀ ਧਾਰਨਾ ਅਨੁਸਾਰ ਭਾਸ਼ਾ ਦਾ ਭਾਰਤੀ ਭਾਵ ਬੋਲ ਤੋਂ ਹੈ ਜਿਸ ਦਾ ਸਬੰਧ ਜ਼ਬਾਨ ਨਾਲ ਹੋਣਾ ਜ਼ਰੂਰੀ ਨਹੀਂ, ਪਰਮ ਚੇਤੰਨਤਾ ਦੇ ਨਾਲ ਹੈ ਜੋ ਕਿ ਸੁਣੀ ਜਾਂਦੀ ਹੈ, ਜਿਵੇਂ ਯੋਗੀਆਂ ਦਾ ਅਨਹਦ ਨਾਦ। ਉਸ ਦਾ ਮਤ ਹੈ ਕਿ ਜੇ ਭਾਸ਼ਾ ਨੂੰ ਅਨਹਦ ਨਾਦ ਸ੍ਵਣ ਅਤੇ ਇਸ ਦਾ ਪ੍ਰਕਾਸ਼ ਸਮਝ ਲਿਆ ਜਾਵੇ ਤਾਂ ਪੱਛਮ ਵਿਚ 'ਲੈਂਗੂਏਜ' ਜਾਂ 'ਲਿੰਗੁਆ', 'ਲਿੰਗੋ' ਦੇ ਸੰਕੀਰਨ ਸੰਕਲਪਾਂ ਤੋਂ ਇਹ ਕਿਤੇ ਵਿਸ਼ਾਲਤਰ ਹੈ। ਸ਼ਬਦ ਦੇ ਵਿਸ਼ਾਲ ਅਰਥਾਂ ਨੂੰ ਗ੍ਰਹਿਣ ਕਰਕੇ ਉਹ ਇਸ ਨੂੰ ਬੋਧੀ ਭਿਕਸ਼ੂ ਦੇ ਸ਼ੂਨਯ ਦੇ ਸੰਕਲਪ ਨਾਲ ਜੋੜ ਕੇ ਉਸ ਦੀ ਵਿਆਖਿਆ ਕਰਨ ਵੱਲ ਰੁਚਿਤ ਹੁੰਦਾ ਹੈ।

ਡਾ. ਜੋਗਿੰਦਰ ਸਿੰਘ ਰਾਹੀ ਨੇ ਮਾਰਕਸਵਾਦੀ ਸਾਹਿਤ ਸ਼ਾਸਤਰ ਨੂੰ ਆਧਾਰ ਬਣਾ ਕੇ ਪੰਜਾਬੀ ਨਾਵਲ ਬਾਰੇ ਆਪਣੀਆਂ ਸਥਾਪਨਾਵਾਂ ਪੇਸ਼ ਕੀਤੀਆਂ ਹਨ। ਇਨ੍ਹਾਂ ਸਥਾਪਨਾਵਾਂ ਵਿਚ ਉਸ ਦੇ ਨਾਵਲ ਪ੍ਰਬੰਧ ਵਿਚ ਪਾਤਰਾਂ ਦੇ ਵਰਗ ਸੰਘਰਸ਼ ਚਿਹਨਾਰਥ ਅਤੇ ਹੋਰ ਕਈ ਪ੍ਰਕਾਰ ਦੇ ਅੰਤਮ ਸਬੰਧਾਂ ਉੱਤੇ ਦ੍ਰਿਸ਼ਟੀਪਾਤ ਕੀਤਾ ਹੈ। ਉਸ ਦੀ ਆਲੋਚਨਾ ਵਿਧੀ ਦੀ ਕਾਰਜਸ਼ੀਲਤਾ ਉਸ ਦੀਆਂ ਸਮੀਖਿਆਤਮਿਕ ਪੁਸਤਕ ਪੰਜਾਬੀ ਨਾਵਲ (1978 ਈ.) ਅਤੇ 'ਮਸਲੇ ਗਲਪ ਦੇ' ਆਦਿ ਵਿਚ ਦੇਖੀ ਜਾ ਸਕਦੀ ਹੈ। ਆਪਣੇ ਇਕ ਲੇਖ ਵਿਚ 'ਨਾਵਲ ਇਕ ਕਥਾ-ਚਿੰਨ੍ਹ', 'ਮੜ੍ਹੀ ਦਾ ਦੀਵਾ' ਵਿਚ ਗੁਰਦਿਆਲ ਸਿੰਘ ਦੀ ਨਾਵਲ ਕਲਾ ਵਿਚ ਆਈ ਨਵੀਂ ਗੁਣਾਤਮਕ ਤਬਦੀਲੀ ਦਾ ਜ਼ਿਕਰ ਕਰਦਿਆਂ ਹੋਇਆਂ ਉਹ ਇਹ ਦਾਅਵਾ ਕਰਦਾ ਹੈ ਕਿ ਉਸ ਦੀ ਰਚਨਾਤਮਕ ਪ੍ਰਤਿਭਾ ਦੀ ਵਿਲੱਖਣਤਾ ਕੇਵਲ ਉਸ ਦੇ ਵਿਸ਼ੇ ਵਸਤੂ ਵਿਚ ਹੀ ਨਹੀਂ ਸਗੋਂ ਉਸ ਦੇ ਦ੍ਰਿਸ਼ਟੀਕੋਣ ਤੇ ਉਸ ਦੀ ਕਲਾ ਦੇ ਰੂਪਾਤਮਿਕ ਵਤੀਰੇ ਵਿਚ ਵੀ ਹੈ। ਕਿਉਂਕਿ ਇਹ ਨਾਵਲ ਇਕ ਅਜਿਹੀ ਨਵੀਂ ਭਾਂਤ ਦੀ ਪ੍ਰਗਟਾਊ ਸ਼ੈਲੀ ਨੂੰ ਜਨਮ ਦਿੰਦਾ ਹੈ ਕਿ ਸਾਨੂੰ ਸੰਵਾਦਮੁਖੀ ਪੰਜਾਬੀ ਨਾਵਲ ਵਿਚ ਸੁਤੰਤਰ ਕਲਾ ਰੂਪ ਦੀ ਜਾਗ ਲਗਦੀ ਪ੍ਰਤੀਤ ਹੁੰਦੀ ਹੈ। ਇਸ ਸੰਦਰਭ ਵਿਚ ਉਹ ਜਗਸੀਰ ਜਾਂ ਉਸ ਦੀ ਮਾਂ ਤ੍ਰਾਸਦਿਕ ਸਥਿਤੀ ਵਿਚ ਇਕ ਕਰੁਣਾਤਮਿਕ ਵਿਅੰਗ ਦੀ ਝਲਕ ਦੇਖਦਾ ਹੈ ਜੋ ਇਤਿਹਾਸਿਕ ਪ੍ਰਸੰਗ ਵਿਚ ਧਰਮ ਸਿੰਘ ਤੇ ਉਸ ਦੇ ਪਿਤਾ ਦੇ ਆਦਰਸ਼ਵਾਦ ਤੇ ਬੁਨਿਆਦੀ ਸੰਕਟਨੂੰ ਉਜਾਗਰ ਕਰਦਾ ਹੋਇਆ ਨਾਵਲਕਾਰ ਦੇ ਸਿਧਾਂਤਿਕ ਦ੍ਰਿਸ਼ਟੀਕੋਣ ਨੂੰ ਨਖਸਿਖ ਪ੍ਰਦਾਨ ਕਰਦਾ ਹੈ। ਡਾ. ਰਾਹੀ ਇਸ ਨੂੰ ਕਲਾਤਮਕ ਪੱਧਰ ਉੱਤੇ ਅਜਿਹਾ ਵਿਅਗਾਤਮਕ ਕਥਾ-ਚਿੰਨ੍ਹ ਮੰਨਦਾ ਹੈ ਜੋ ਨਾ ਕੇਵਲ ਪੁਰਾਣੀ ਪੀੜ੍ਹੀ ਦੀ ਸੰਵਾਦਮੁਖੀ ਪ੍ਰਗਟਾਉ ਸ਼ੈਲੀ ਨਾਲੋਂ ਵਿਲੱਖਣ ਹੈ, ਸਗੋਂ ਆਪਣੇ ਆਪ ਵਿਚ ਚਿੰਨ੍ਹ ਰਚਨਾ ਦਾ ਇਕ ਨਵਾਂ ਅੰਦਾਜ਼ ਹੈ। ਸਾਫ ਹੈ ਕਿ ਮਾਰਕਸਵਾਦੀ ਵਿਚਾਰਧਾਰਾਈ ਪਿਛੋਕੜ ਦੇ ਬਾਵਜੂਦ ਉਹ ਨਿਸ਼ਚੇਵਾਦੀ ਮੁੱਲਵਾਦੀ ਕਿਸਮ ਦੀ ਆਲੋਚਨਾ ਦੇ ਪ੍ਰਭਾਵ ਤੋਂ ਮੁਕਤ ਰਹਿਣ ਲਈ ਯਤਨਸ਼ੀਲ ਹੈ।

ਡਾ. ਸੁਰਜੀਤ ਸਿੰਘ ਭੱਟੀ ਇਕ ਹੋਰ ਉਭਰ ਰਿਹਾ ਮਾਰਕਸਵਾਦੀ ਆਲੋਚਕ ਹੈ ਜਿਸ ਨੇ ਸੰਤ ਸਿੰਘ ਸੇਖੋਂ, ਕਿਸ਼ਨ ਸਿੰਘ ਤੇ ਨਜ਼ਮ ਹੁਸੈਨ ਸੱਯਦ ਦੀਆਂ ਆਲੋਚਨਾ ਦ੍ਰਿਸ਼ਟੀਆਂ ਦੀ ਵਿਆਖਿਆ, ਵਿਸ਼ਲੇਸ਼ਣ ਤੇ ਮੁਲਾਂਕਣ ਮਾਰਕਸਵਾਦੀ ਸੁਹਜ ਸ਼ਾਸਤਰ ਅਨੁਸਾਰ ਸਥਾਪਿਤ ਅਤੇ ਵਿਕਸਿਤ ਬੁਨਿਆਦੀ ਧਾਰਨਾਵਾਂ ਦੇ ਪਰਿਪੇਖ ਵਿਚ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਪ੍ਰਸੰਗ ਵਿਚ ਉਸ ਦੀਆਂ ਪੁਸਤਕਾਂ ਮਾਰਕਸਵਾਦੀ ਸਮੀਖਿਆ ਸਿਧਾਂਤ (1984 ਈ.), ਮਾਰਕਸਵਾਦੀ ਪੰਜਾਬੀ ਆਲੋਚਨਾ (1987) ਅਤੇ ਚਿੰਤਨ ਚੇਤਨਾ (1988) ਦਾ ਉਲੇਖ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਉਸ ਨੇ ਮੁੱਢਲੇ ਸਿਧਾਂਤਕਾਰਾਂ ਕਾਰਲ ਮਾਰਕਸ, ਏਂਗਲਜ, ਮਾਓ-ਜੇ-ਮੁਗ, ਮੁਢਲੇ ਰੂਸੀ ਚਿੰਤਕਾਂ, ਬੈਲੰਸਕੀ-

ਚਰਨੀਸੇਵਸਕੀ, ਦਾਬਰੋਲਿਉਬੋਵ ਅਤੇ ਆਧੁਨਿਕ ਰੂਸੀ ਚਿੰਤਕਾਂ ਲੂਨਾਚਰਾਸਕੀ, ਟ੍ਰਾਟਸਕੀ ਆਦਿ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਇਕ ਮੱਤ ਅਨੁਸਾਰ ਉਸ ਨੇ ਵਿਚਾਰ-ਸੰਸਕ੍ਰਿਤੀ ਦੇ ਵਿਕਾਸ ਦੀ ਜਟਿਲਤਾ ਨੂੰ ਮਾਰਕਸਵਾਦੀ ਦ੍ਰਿਸ਼ਟੀਕੋਣ ਅਨੁਸਾਰ ਸਮਾਜਿਕ ਇਤਿਹਾਸ ਦੇ ਪਰਿਪੇਖ ਵਿਚ ਸਮਝਾਉਣ ਦਾ ਜਤਨ ਕੀਤਾ ਹੈ। ਉਸ ਦੇ ਸਿਧਾਂਤ-ਚਿੰਤਨ ਤੇ ਆਲੋਚਨਾ-ਵਿਧੀ ਵਿਚ ਵਿਚਾਰਧਾਰਾਈ ਪੱਖ ਤੋਂ ਦਾਰਸ਼ਨਿਕ ਤੇ ਸਿਧਾਂਤਿਕ ਸਪਸ਼ਟਤਾ ਦਿਖਾਈ ਦਿੰਦੀ ਹੈ। ਮਾਕਰਸਵਾਦੀ ਆਲੋਚਨਾਤਮਕ ਚਿੰਤਨ ਦੇ ਖੇਤਰ ਵਿਚ ਉਹ ਆਪਣੀ ਥਾਂ ਬਣਾਉਣ ਲਈ ਜਤਨਸ਼ੀਲ ਹੈ।

ਪੰਜਾਬੀ ਥੀਮ-ਵਿਗਿਆਨਿਕ ਆਲੋਚਨਾ-ਵਿਧੀ ਨਾਲ ਦੋ ਉਭਰ ਰਹੇ ਆਲੋਚਕਾਂ ਡਾ. ਮਨਜੀਤ ਕੌਰ ਤੇ ਡਾ. ਹਰਚਰਨ ਕੌਰ ਨੇ ਸਾਂਝ ਪਾਈ ਹੈ। ਮਨਜੀਤ ਕੌਰ ਨੇ ਨਾਨਕ ਸਿੰਘ ਦੇ ਨਾਵਲਾਂ ਦੇ ਥੀਮ-ਵਿਗਿਆਨਿਕ ਪਸਾਰ ਦਾ ਅਧਿਐਨ ਪੇਸ਼ ਕੀਤਾ ਹੈ। ਇਸ ਪ੍ਰਸੰਗ ਵਿਚ ਉਸ ਦੀ ਪੁਸਤਕ ਨਾਨਕ ਸਿੰਘ ਦੇ ਨਾਵਲਾਂ ਦਾ ਥੀਮ ਅਧਿਐਨ (1978 ਈ.) ਦਾ ਜ਼ਿਕਰ ਕਰਨਾ ਬਣਦਾ ਹੈ। ਆਪਣੇ ਇਕ ਲੇਖ ਵਿਚ ਸ਼ਿਵ ਕੁਮਾਰ ਦੀ 'ਲੂਣਾ' ਦਾ ਥੀਮ-ਵਿਗਿਆਨਿਕ ਅਧਿਐਨ ਪੇਸ਼ ਕਰਦਿਆਂ ਹੋਇਆਂ ਇਸ ਦੇ ਪਾਠ ਨੂੰ ਬਿਰਤਾਂਤ-ਸਮਗਰੀ ਮੰਨਦਿਆਂ ਹੋਇਆਂ ਉਸ ਦੇ ਮੋਟਿਫ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਇਸ ਮੰਤਵ ਦੀ ਸਿੱਧੀ ਲਈ ਉਸ ਨੇ ਰਚਨਾ-ਪਾਠ ਨੂੰ ਤਿੰਨ ਥੀਮਿਕ-ਖੰਡਾਂ ਵਿਚ ਵੰਡ ਕੇ ਇਸ ਦੀਆਂ ਥੀਮਿਕ ਪਰਤਾਂ ਫਰੋਲਦਿਆਂ ਹੋਇਆਂ ਇਹ ਧਾਰਨਾ ਪੇਸ਼ ਕੀਤੀ ਹੈ ਕਿ ਇਹ ਕਾਵਿ-ਰਚਨਾ ਆਪਣੇ ਥੀਮਿਕ ਪ੍ਰਬੰਧ ਵਿਚ ਮਨੁੱਖੀ ਰਿਸ਼ਤਿਆਂ ਤੇ ਕਦਰਾਂ ਕੀਮਤਾਂ ਫਰੋਲਦੀ ਹੈ ਅਤੇ ਸਾਡੇ ਵਿਰਸੇ ਦੀ ਪਰੰਪਰਕ ਕਹਾਣੀ ਨੂੰ ਪੁਨਰ-ਵਿਆਖਿਆ ਪ੍ਰਦਾਨ ਕਰਕੇ ਨਵੇਂ ਅਰਥਾਂ ਦਾ ਸੰਚਾਰ ਕਰਦੀ ਹੈ। ਡਾ. ਹਰਚਰਨ ਕੌਰ ਨੇ ਥੀਮ ਨੂੰ ਸਾਹਿਤ ਦੀਆਂ ਧੁਰ-ਅੰਦਰਲੀਆਂ ਕ੍ਰਿਆਵਾਂ ਤੱਕ ਪ੍ਰਵੇਸ਼ ਕਰਨ ਦੀ ਜੁਗਤ ਮੰਨਦਿਆਂ ਹੋਇਆਂ ਡਾ. ਹਰਿਭਜਨ ਸਿੰਘ ਦੀਆਂ ਪੰਜ ਪ੍ਰਤੀਨਿੱਧ ਕਵਿਤਾਵਾਂ ਦਾ ਥੀਮ-ਵਿਗਿਆਨਿਕ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ। ਇਸ ਪ੍ਰਸੰਗ ਵਿਚ ਉਸ ਦੀ ਪੁਸਤਕ 'ਹਰਿਭਜਨ ਸਿੰਘ ਕਾਵਿ : ਥੀਮ-ਵਿਗਿਆਨਿਕ ਅਧਿਐਨ' (1980 ਈ.) ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਸ ਵਿਸ਼ਲੇਸ਼ਣ ਸਮੇਂ ਲੇਖਿਕਾ ਥੀਮਾਂ ਦੀ ਇਸ ਪਛਾਣ ਵਿਚੋਂ ਜਿਥੇ ਇਕ ਪਾਸੇ ਥੀਮਿਕ ਖੰਡਾਂ ਨੂੰ ਵੀ ਕਵੀ ਦੀ ਕਾਵਿ-ਰਚਨਾ ਦੇ ਸੰਗਠਨ ਨਾਲ ਸੰਬੰਧਿਤ ਕਰਦੀ ਹੈ, ਉਥੇ ਦੂਜੇ ਪਾਸੇ ਉਨ੍ਹਾਂ ਦੇ ਰਚਨਾ-ਵਸਤੂ ਦੇ ਕਾਰਜਾਂ ਜਾਂ ਕਾਰਨਾਂ ਨਾਲ ਸੰਬੰਧ ਵਿਚੋਂ ਉਪਜੇ ਵਿਸੇਸ਼ ਅਰਥਾਂ ਨੂੰ ਸਪਸ਼ਟ ਕਰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਥੀਮ-ਅਧਿਐਨ ਵਿਧੀ ਜਟਿਲ ਪ੍ਰਕ੍ਰਿਤੀ ਵਾਲੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਕਰਨ ਵਿਚ ਕਾਫੀ ਕਾਰਗਰ ਸਾਬਤ ਹੁੰਦੀ ਹੈ। ਇਸ ਵਿਧੀ ਦੀ ਯੋਗਤਾ ਨਾਲ ਹਰਚਰਨ ਕੌਰ ਨੇ ਹਰਿਭਜਨ ਸਿੰਘ ਦੀਆਂ ਕਾਵਿ-ਰਚਨਾਵਾਂ ਦੇ ਪਾਠਗਤ ਪਰਿਪੇਖ ਤੋਂ ਮੋਟਿਫ-ਅਧਿਐਨ ਦੁਆਰਾ ਰਚਨਾਵਾਂ ਦੀਆਂ ਅੰਦਰੂਨੀ ਅਸੀਮ ਸੰਭਾਵਨਾਵਾਂ ਨੂੰ ਅਗ੍ਰਭੂਮਤ ਕੀਤਾ ਹੈ। ਭਾਵੇਂ ਮਨਜੀਤ ਕੌਰ ਤੇ ਹਰਚਰਨ ਕੌਰ ਦੀ ਆਲੋਚਨਾ ਵਿਧੀ ਸਾਹਿਤ-ਵਿਗਿਆਨਿਕ ਹੈ, ਪਰ ਹਰਚਰਨ ਕੌਰ ਦੇ ਅਧਿਐਨ ਵਿਚ ਵਿਸ਼ਲੇਸ਼ਣਾਤਮਕ ਪੈਲਾਪਣਅਤੇ ਸੁਸਪਸ਼ਟਤਾ ਵਧੇਰੇ ਹੈ।

ਪੰਜਾਬੀ ਆਲੋਚਨਾ ਦੀ ਮਿਥ-ਵਿਗਿਆਨਿਕ ਪ੍ਰਣਾਲੀ ਡਾ. ਮਨਜੀਤ ਸਿੰਘ ਦੁਆਰਾ ਪੇਸ਼ ਕੀਤੇ ਗਏ ਜਨਮ ਸਾਖੀਆਂ ਦੇ ਮਿਥ-ਵਿਗਿਆਨਿਕ ਅਧਿਐਨ ਨਾਲ ਪ੍ਰਕਾਸ਼ਮਾਨ ਹੁੰਦੀ ਹੈ। ਇਸ ਅਧਿਐਨ ਵਿਚ ਮਨਜੀਤ ਸਿੰਘ ਨੇ ਵਿਭਿੰਨ ਪੱਛਮੀ ਅੰਤਰ-ਦ੍ਰਿਸ਼ਟੀਆਂ ਨੂੰ ਆਧਾਰ ਬਣਾ ਕੇ ਵੱਖਰਾ ਅਧਿਐਨ-ਮਾਡਲ ਉਸਾਰਨ ਦਾ ਯਤਨ ਕੀਤਾ ਹੈ ਜਿਸ ਨੂੰ ਉਸ ਨੇ ਉੱਤਰ-ਸੰਰਚਨਾਵਾਦ ਦਾ ਨਾਮ ਦਿੱਤਾ ਹੈ। ਇਸ ਮਾਡਲ ਦੀ ਸਹਾਇਤਾ ਨਾਲ ਉਸ ਦੇ ਸਾਖੀ ਸਾਹਿਤ ਦੀ ਮਿਥ ਸਿਰਜਣ ਪ੍ਰਕ੍ਰਿਆ ਦਾ ਜਾਇਜ਼ਾ ਲੈਂਦਿਆਂ ਹੋਇਆਂ ਪੰਜ ਸਾਖੀਆਂ ਦਾ ਮਿਥ ਵਿਸ਼ਲੇਸ਼ਣ ਪੇਸ਼ ਕੀਤਾ ਹੈ, ਪਰ ਇਸ ਵਿਸ਼ਲੇਸ਼ਣ ਦੀਆ ਆਪਣੀਆਂ ਸੰਭਾਵਨਾਵਾਂ ਵੀ ਹਨ ਅਤੇ ਸੀਮਾਵਾਂ ਵੀ ਹਨ।

ਪੰਜਾਬੀ ਆਲੋਚਨਾ ਵਿਚ ਸਿਸਟਮ ਸਿਧਾਂਤ ਚਿੰਤਨ ਅਤੇ ਸਿਸਟਮੀ ਅਧਿਐਨ ਦੀ ਦਿਸ਼ਾ ਵਿਚ ਵੀ ਯਤਨ ਹੋਏ ਹਨ। ਭਾਵੇਂ ਡਾ. ਹਰਿਭਜਨ ਸਿੰਘ ਨੇ ਆਪਣੀ ਇਕ ਸੰਪਾਦਿਤ ਪੁਸਤਕ ਦਾ ਨਾਮ ਸਿਸਟਮੀ ਰਖਿਆ ਅਤੇ ਇਸ ਵਿਚ ਸਤਿੰਦਰ ਸਿੰਘ ਨੂਰ ਦਾ ਇਕ ਲੇਖ ਸਿਸਟਮੀ ਚੇਤਨਾ ਵੀ ਸ਼ਾਮਲ ਕੀਤਾ, ਪਰ ਉਸ ਨੇ ਸਿਸਟਮ ਸ਼ਬਦ ਨੂੰ ਸਾਹਿਤ ਸਿਸਟਮ ਦੇ ਵਿਸ਼ਾਲ ਅਰਥਾਂ ਵਿਚ

ਗ੍ਰਹਿਣ ਕੀਤਾ। ਡਾ. ਨੂਰ ਨੇ ਆਪਣੇ ਲੇਖ ਵਿਚ ਸਿਸਟਮ ਸਿਧਾਂਤ ਬਾਰੇ ਮੁੱਢਲੀ ਜਾਣ-ਪਛਾਣ ਸੰਖਿਪਤ ਰੂਪ ਵਿਚ ਕਰਵਾਉਣ ਦਾ ਯਤਨ ਕੀਤਾ, ਪਰ ਸਿਸਟਮ ਚੇਤਨਾ ਨਾਲ ਸੰਬੰਧਿਤ ਵਿਹਾਰਿਕ ਸਮੀਖਿਆ ਦੀ ਪਹਿਲੀ ਮਹੱਤਵਪੂਰਨ ਪੁਸਤਕ ਡਾ. ਹਰਚਰਨ ਕੌਰ ਨੇ ਪੰਜਾਬੀ ਆਲੋਚਨਾ ਨੂੰ ਦਿੱਤੀ ਜਿਸ ਵਿਚ ਉਸ ਨੇ ਅੰਮ੍ਰਿਤਾ ਪ੍ਰੀਤਮ ਕਾਵਿ ਦਾ ਸਿਸਟਮੀ ਅਧਿਐਨ (1986 ਈ.) ਪੇਸ਼ ਕੀਤਾ ਹੈ। ਇਹ ਅਧਿਐਨ ਸਿਸਟਮ ਸਿਧਾਂਤ ਦਾ ਪਹਿਲਾ ਵਿਸਤ੍ਰਿਤ ਸਿਧਾਂਤਿਕ ਤੇ ਵਿਹਾਰਿਕ ਯਤਨ ਹੈ ਜਿਸ ਦੁਆਰਾ ਉਹ ਅੰਮ੍ਰਿਤਾ ਕਾਵਿ ਦੇ ਕੀ ਉਪੇਖਿਅਤ ਪਹਿਲੂਆਂ ਬਾਰੇ ਸੰਕੇਤ ਕਰਨ ਵਿਚ ਸਫਲ ਹੋਈ ਹੈ। ਸਿਧਾਂਤ ਵਿਸ਼ਲੇਸ਼ਣ ਵਿਚ ਜਿਥੇ ਲੇਖਿਕਾ ਨੇ ਬਹੁਤ ਸਪਸ਼ਟਤਾ ਤੇ ਵਿਵੇਕ ਤੋਂ ਕੰਮ ਲਿਆ ਹੈ, ਉਥੇ ਇਸ ਸਿਧਾਂਤ ਦੇ ਦਾਰਸ਼ਨਿਕ ਆਧਾਰਾਂ ਵੱਲ ਵੀ ਪਹਿਲੀ ਵਾਰ ਕੁਝ ਸੰਕੇਤ ਕੀਤੇ ਹਨ। ਅੰਮ੍ਰਿਤਾ ਕਾਵਿ ਦੇ ਸਿਸਟਮੀ ਅਧਿਐਨ ਦੇ ਵਿਹਾਰਿਕ ਖੇਤਰ ਵਿਚ ਡਾ. ਹਰਚਰਨ ਕੌਰ ਦਾ ਇਹ ਅਧਿਐਨ ਬੜੀ ਲਗਨ ਤੇ ਪ੍ਰਬੰਧ ਦ੍ਰਿਸ਼ਟੀ ਤੋਂ ਸਿਸਟਮ ਅਧਿਐਨ ਵਿਧੀ ਦੁਆਰਾ ਕਾਵਿ ਧਾਰਾ ਅਤੇ ਇਸ ਦੇ ਇਤਿਹਾਸਿਕ ਪ੍ਰਸੰਗ ਵਿਚ ਅੰਤਰ ਨਿਹਿਤ ਕਾਰਜਸ਼ੀਲ ਪ੍ਰਬੰਧ ਪ੍ਰਕ੍ਰਿਆ ਵੱਲ ਭਰਪੂਰ ਸੰਕੇਤ ਕਰਦਾ ਹੈ ਫਲਸਰੂਪ ਅੰਮ੍ਰਿਤਾ ਕਾਵਿ ਦੇ ਪਰੰਪਰਾਗਤ ਅਧਿਐਨਾਂ ਦੇ ਮੁਕਾਬਲੇ ਉੱਤੇ ਉਸ ਦੁਆਰਾ ਸਿਸਟਮੀ ਵਿਧੀ ਰਾਹੀਂ ਪ੍ਰਾਪਤ ਕੀਤੇ ਗਏ ਸਿੱਟੇ ਵਧੇਰੇ ਬਾਹਰਮੁਖੀ ਅਤੇ ਸਾਰਥਕ ਪ੍ਰਤੀਤ ਹੁੰਦੇ ਹਨ। ਆਪਣੇ ਆਲੋਚਨਾਤਮਕ ਕਾਰਜ ਵਿਚ ਉਸ ਨੇ ਸਿਧਾਂਤ ਤੇ ਵਿਹਾਰ ਦੀ ਸ਼ੁੱਧਤਾ ਨੂੰ ਕਾਇਮ ਰੱਖਿਆ ਹੈ। ਡਾ. ਹਰਚਰਨ ਕੌਰ ਦੀ ਪੁਸਤਕ ਸਮੀਖਿਆ ਵਿਹਾਰ (1987) ਦੇ ਬਾਰੇ ਟਿੱਪਣੀ ਦਿੰਦਿਆਂ ਡਾ. ਤਰਲੋਕ ਸਿੰਘ ਕੰਵਰ ਨੇ ਇਹ ਕਿਹਾ ਕਿ ਲੇਖਿਕਾ ਨੇ ਸਮੀਖਿਆ ਨੂੰ ਇਕ ਤਰਕ ਸੰਪੰਨ ਵਿਹਾਰ ਵਾਂਗ ਗ੍ਰਹਿਣ ਕੀਤਾ ਤੇ ਪੇਸ਼ ਕੀਤਾ ਹੈ ਅਤੇ ਸਾਹਿਤ ਅਧਿਐਨ ਦੀਆਂ ਅਤਿਅੰਤ ਨਵੀਨ ਪਰਿਪਾਰਟੀਆਂ ਨਾਲ ਸਾਂਝ ਪਾ ਕੇ ਸਾਹਿਤ ਆਲੋਚਨਾ ਦੇ ਨਵੇਂ ਆਯਾਮ ਪ੍ਰਤੱਖ ਕੀਤੇ ਹਨ।

ਰੂਪ ਵਿਗਿਆਨਿਕ ਆਲੋਚਨਾ-ਪ੍ਰਣਾਲੀ ਦੇ ਪ੍ਰਸੰਗ ਵਿਚ ਡਾ. ਦੇਵਿੰਦਰ ਕੌਰ ਨੇ ਭਾਈ ਵੀਰ ਸਿੰਘ ਕਾਵਿ ਦਾ ਰੂਪ-ਵਿਗਿਆਨਿਕ ਅਧਿਐਨ ਪੇਸ਼ ਕਰਦਿਆਂ ਰੂਪ-ਵਿਗਿਆਨਿਕ ਆਲੋਚਨਾ ਵਿਧੀ ਦਾ ਸਹਾਰਾ ਲਿਆ ਹੈ। ਉਸ ਦਾ ਅਧਿਐਨ ਰਚਨਾ-ਪਾਠ ਨੂੰ ਆਪਣੀ ਦ੍ਰਿਸ਼ਟੀ ਦਾ ਕੇਂਦਰ-ਬਿੰਦੂ ਬਣਾਉਂਦਾ ਹੈ। ਵਿਹਾਰਿਕ ਆਲੋਚਨਾ ਦੇ ਖੇਤਰ ਵਿਚ ਉਸ ਦੇ ਯਤਨ ਪੱਛਮੀ ਸਮੀਖਿਆ ਦ੍ਰਿਸ਼ਟੀਆਂ ਨਾਲ ਉਸ ਦੇ ਮੁੱਢਲੇ ਪਰਿਚੈ ਦਾ ਸੰਕੇਤ ਤਾਂ ਦਿੰਦੇ ਹਨ, ਪਰ ਅਜੇ ਤੱਕ ਉਸ ਦੀ ਪਹੁੰਚ ਵਿਧੀ ਦਾ ਮੁਹਾਂਦਰਾ ਧੁੰਦਲਾ ਹੈ। ਬਾਣੀ ਦੇ ਸਾਹਿਤ ਵਿਗਿਆਨਿਕ ਖੇਤਰ ਵਿਚ ਡਾ. ਗੁਰਚਰਨ ਸਿੰਘ 'ਰਹਾਉ' ਦਾ ਕਾਵਿ ਸ਼ਾਸਤਰ ਉਸਾਰਨ ਦੀ ਪਹਿਲ ਕਰਕੇ ਬਾਣੀ ਵਿਸ਼ਲੇਸ਼ਣ ਪਰੰਪਰਾ ਨੂੰ ਅਗਾਂਹ ਤੋਰਿਆ ਹੈ। ਸ਼ੈਲੀ ਵਿਗਿਆਨਿਕ ਅਤੇ ਚਿਹਲ ਵਿਗਿਆਨਿਕ ਆਲੋਚਨਾ ਦ੍ਰਿਸ਼ਟੀਆਂ ਉੱਤੇ ਵੀ ਪੰਜਾਬੀ ਦੇ ਕੁਝ ਨਵੇਂ ਉਭਰ ਰਹੇ ਆਲੋਚਕਾਂ ਨੇ ਹੱਥ ਅਜਮਾਇਆ ਹੈ। ਇਨਾਂ ਵਿਚੋਂ ਡਾ. ਮੋਹਨ ਸਿੰਘ ਤੇ ਡਾ. ਓਮ ਪ੍ਰਕਾਸ਼ ਵਸ਼ਿਸ਼ਟ ਦਾ ਨਾਮ ਲਿਆ ਜਾ ਸਕਦਾ ਹੈ। ਡਾ. ਵਸ਼ਿਸ਼ਟ ਚਿਹਨ ਵਿਗਿਆਨਿਕ ਅਧਿਐਨ ਦਾ ਕੇਂਦਰ ਬਿੰਦੂ ਗੁਰੂ ਨਾਨਕ ਬਾਣੀ ਹੈ।

ਸਮੁੱਚੇ ਤੌਰ ਤੇ ਪੰਜਾਬੀ ਆਲੋਚਨਾ ਦੀ ਵਰਤਮਾਨ ਸਥਿਤੀ ਬਹੁਤੀ ਨਿਰਾਸ਼ਾਜਨਕ ਨਹੀਂ। ਪੰਜਾਬੀ ਦੇ ਨਵੇਂ ਉੱਭਰ ਰਹੇ ਯੁਵਾ ਪੀੜ੍ਹੀ ਦੇ ਆਲੋਚਕ ਸਾਹਿਤ ਕਿਰਤ ਦੀ ਸਤਹੀ ਸੰਰਚਨਾ ਤੋਂ ਪਾਰ ਲੰਘ ਕੇ ਉਸ ਦੀਆਂ ਅਨੇਕ ਪਰਤਾਂ ਥਾਣੀਂ ਹੁੰਦੇ ਹੋਏ ਉਸ ਦੀ ਡੂੰਘੀ ਸੰਰਚਨਾ ਵਿਚ ਪਏ ਅਰਥਾਂ ਦੀ ਭਾਲ ਲਈ ਯਤਨਸ਼ੀਲ ਹਨ। ਭਾਵੇਂ ਇਹ ਸਾਰੇ ਯਤਨ ਮੁਢਲੇ ਸਮੇਂ ਵਾਲੀਆਂ ਕਮਜ਼ੋਰੀਆਂ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ, ਪਰ ਤਾਂ ਵੀ ਇਸ ਪੱਖ ਤੋਂ ਦੇਖਿਆ ਪੰਜਾਬੀ ਆਲੋਚਨਾ ਦਾ ਭਵਿੱਖ ਉਜਵਲ ਪ੍ਰਤੀਤ ਹੁੰਦਾ ਹੈ। ਗੱਲ ਸਿਰਫ ਪਾਠ ਦਾ ਅਨੰਦ ਗ੍ਰਹਿਣ ਕਰਨ ਦੀ ਨਹੀਂ ਸਗੋਂ ਅਨੰਦ ਦਾ ਪਾਠ ਸਿਰਜਣ ਦੀ ਵੀ ਹੈ। ਪੰਜਾਬੀ ਆਲੋਚਕਾਂ ਦੀ ਯੁਵਾ ਪੀੜ੍ਹੀ ਦਾ ਇਹ ਹੰਭਲਾ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਇਕ ਨਵੀਂ ਪਲਾਂਘ ਦਾ ਸੂਚਕ ਹੈ, ਪਰ ਪੰਜਾਬੀ ਆਲੋਚਨਾ ਦੀਆਂ ਆਪਣੀਆਂ ਸੀਮਾਵਾਂ ਤੇ ਖੇਤਰ ਵੀ ਹਨ। ਅਜੋਕੀ ਪੰਜਾਬੀ ਆਲੋਚਨਾ ਦੀ ਦਿਸ਼ਾ ਵਿਹੀਨਤਾ ਬਹੁਤ ਰੜਕਦੀ ਹੈ। ਇਸ ਤੋਂ ਇਲਾਵਾ ਅੱਜਕੱਲ੍ਹ ਆਲੋਚਨਾ ਦੇ ਨਾਮ ਉੱਤੇ ਜੋ ਕੁਝ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ, ਉਸ ਵਿਚੋਂ ਵਡੇਰਾ ਭਾਗ ਅਜਿਹਾ ਹੈ ਜਿਸ ਨੂੰ ਪੜ੍ਹ ਕੇ ਬੁੱਧੀਜੀਵੀ ਪਾਠਕ ਦੇ ਮਨ ਵਿਚ ਨਿਰ਼ਾਸਾ ਹੀ ਪੈਦਾ ਹੁੰਦੀ ਹੈ। ਸਾਹਿਤ ਬਾਹਰਲੀਆਂ ਕਸਵੱਟੀਆਂ ਅਪਨਾਉਣ ਵਾਲੇ ਅਤੇ ਸਾਹਿਤ ਰਚਨਾ ਪ੍ਰਤੀ ਆਪਣੀ ਭਾਵੁਕ ਜਾਂ ਉਪਭਾਵੁਕ ਪ੍ਰਤਿਕ੍ਰਿਆਵਾਂ ਪ੍ਰਗਟਾਉਣ ਵਾਲੇ ਅਨੇਕ ਤਥਾਕਥਿਕ

ਆਲੋਚਕ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਅਜੇ ਵੀ ਕਾਰਜਸ਼ੀਲ ਹਨ। ਅਜਿਹੇ ਸਾਹਿਤ ਸਾਧਕ ਕਰਮ-ਯੋਗੀਆਂ ਵੱਲ ਬਾਅਦਬ ਪਿੱਠ ਕਰਨੀ ਹੀ ਮੁਨਾਸਿਬ ਹੈ।

## ਟਿੱਪਣੀ ਅਤੇ ਹਵਾਲੇ


1. ਭੱਟੀ, ਸੁਰਜੀਤ ਸਿੰਘ, ਚਿੰਤਨ ਚੇਤਨਾ, ਪੰਨਾ 153
2. ਆਲੋਚਨਾ, ਅਕਤੂਬਰ-ਦਸੰਬਰ 1975, ਪੰਨਾ 53
3. ਅਰਸ਼ੀ, ਗੁਰਚਰਨ ਸਿੰਘ (ਸੰਪਾ.), ਪਿਛਲੇ ਦਹਾਕੇ ਦਾ ਪੰਜਾਬੀ ਸਾਹਿਤ, ਪੰਨਾ 141
4. ਨਵੀਂ ਪੰਜਾਬੀ ਆਲੋਚਨਾ, ਪੰਨਾ 48
5. ਰਵੀ, ਰਵਿੰਦਰ ਸਿੰਘ, ਅੰਮ੍ਰਿਤਾ ਪ੍ਰੀਤਮ ਕਾਵਿ ਦਾ ਸਿਸਟਮੀ ਅਧਿਐਨ, ਮੁੱਖਬੰਧ, ਪੰਨਾ 6
6. ਸਮੀਖਿਆ ਵਿਹਾਰ, ਪੰਨਾ 3


## ਸਹਾਇਕ ਪੁਸਤਕਾਂ


1. ਸਤਿਨਾਮ ਸਿੰਘ ਸੰਧੂ (ਸੰਪਾ.) ਪੰਜਾਬੀ ਆਲੋਚਨਾ : ਸਰੂਪ ਅਤੇ ਸੰਭਾਵਨਾਵਾਂ।


## ਅਭਿਆਸ ਲਈ ਪ੍ਰਸ਼ਨ

1. ਪੰਜਾਬੀ ਮੈਟਾ ਆਲੋਚਨਾ ਤੋਂ ਕੀ ਭਾਵ ਹੈ ? ਸਪਸ਼ਟ ਕਰੋ।
2. ਮੈਟਾ ਆਲੋਚਨਾ ਦੀਆਂ ਪੰਜਾਬੀ ਵਿਚ ਪਈਆਂ ਸੰਭਾਵਨਾਵਾਂ ਬਾਰੇ ਵਿਚਾਰ ਕਰੋ।


Type Setting :

Department of Distance Education, Punjabi University, Patiala.